# ਰਾਮ ਵਿਯੋਗੀਆਂ ਦੇ

# ਬਾਰਾਂਮਾਹ



ਸੰਪਾਦਕ

ਤਾਰਾ ਸਿੰਘ ਅਨਜਾਣ

Sri Satguru Jagjit Singh Ji Elibrary NamdhariElibrary@gmail.com

ਕਰ ਜੋੜ ਤੇ ਕਰ ਬੇਨਤੀ,
ਸਾਚੇ॥ ਤੇਰੀ ਜਾਣ ਸਤਾਏ॥
ਕੀ ਸਤਿਗੁਰੂ ਨਾਮ ਦਿਆ ਜੀ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ

# ਰਾਮ ਵਿਯੋਗੀਆਂ ਦੇ

# ਬਾਰਾਂਮਾਹ

Shri Satguru Ram Singh ji

ਸੰਪਾਦਕ
ਤਾਰਾ ਸਿੰਘ ਅਨਜਾਣ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

ਸਤਿਗੁਰੂ ... ਸ੍ਰੀ ਭੈਣੀ ਸਾਹਿਬ

# ਰਾਮ ਵਿਯੋਗੀਆਂ ਦੇ ਬਾਰਾਂਮਾਹ

ਸੰਪਾਦਕ

ਤਾਰਾ ਸਿੰਘ ਅਨਜਾਣ

ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ (ਪੰਜਾਬ)



Sri Satguru Jagjit Singh Ji Elibrary NamdhariElibrary@gmail.com

੨੦੫੧ ਬਿਕਰਮੀ

© ਨਾਮਧਾਰੀ ਦਰਬਾਰ

ਕੀਮਤ :- ੧੦-੦੦ ਰੁਪਈਏ
ਸੰਸਕਰਣ - ੧੯੯੫, ੩੦੦੦ ਕਾਪੀਆਂ

ਪ੍ਰਕਾਸ਼ਕ :
ਹਰਵਿੰਦਰ ਸਿੰਘ ਹੰਸਪਾਲ, ਸਾਬਕਾ ਐਮ. ਪੀ.
ਜਨਰਲ ਸਕੱਤਰ, ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ, ੧੪੧੧੧੩ (ਪੰਜਾਬ)

ਟਾਈਪ ਸੈਟਰਜ਼ :
ਆਈਕੌਨ ਪ੍ਰਿੰਟੋਗਰਾਫਿਕਸ,
ਬੀ-੧੦੭, ਫਤਹਿ ਨਗਰ, ਨਵੀਂ ਦਿੱਲੀ।

*RAM VIYOGIAN DE BARAN MAH*
*Editor - Tara Singh Anjan*



Sri Satguru Jagjit Singh Ji Elibrary NamdhariElibrary@gmail.com

# ਤਤਕਰਾ


੧. ਰਾਮ ਵਿਯੋਗੀਆਂ ਦੇ ਬਾਰਾਂਮਾਹ - ਭੂਮਿਕਾ ੫

੨. ਬਾਰਾਂਮਾਹ ਬਾਬਾ ਚੰਦਾ ਸਿੰਘ ੧੭

੩. ਬਾਰਾਂਮਾਹ ਸੰਤ ਨਿਹਾਲ ਸਿੰਘ ੪੯

੪. ਬਾਰਾਂਮਾਹ ਸੰਤ ਕਾਲਾ ਸਿੰਘ ੫੬

੫. ਬਾਰਾਂਮਾਹ ਸੂਬਾ ਮੀਹਾਂ ਸਿੰਘ ੬੧

੬. ਬਾਰਾਂਮਾਹ ਸੰਤ ਤੇਜਾ ਸਿੰਘ ਸੋਖਲ ੬੮

੭. ਬਾਰਾਂਮਾਹ ਸੰਤ ਇਕਬਾਲ ਸਿੰਘ ਮਨਚੰਦਾ ੭੫

੮. ਬਾਰਾਂਮਾਹ ਸ. ਚਤਰ ਸਿੰਘ "ਬੀਰ" ੮੨





Sri Satguru Jagjit Singh Ji Elibrary NamdhariElibrary@gmail.com

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ
ਮੰਤੁ ਨ ਮਾਨੈ ਕੋਇ।
ਰਾਮ ਬਿਓਗੀ ਨਾ ਜੀਐ,
ਜੀਐ ਤ ਬਉਰਾ ਹੋਇ।।



Sri Satguru Jagjit Singh Ji Elibrary NamdhariElibrary@gmail.com

# ਰਾਮ ਵਿਯੋਗੀਆਂ ਦੇ ਬਾਰਾਂਮਾਹ

ਬਾਰਾਂਮਾਹ ਸਾਹਿਤ ਦਾ ਕਾਵਿ-ਰੂਪ ਹੈ। ਇਸ ਕਾਵਿ ਰੂਪ ਵਿੱਚ ਬਾਰਾਂ ਮਹੀਨਿਆਂ ਦਾ ਵਰਨਣ ਹੁੰਦਾ ਹੈ। ਪੰਜਾਬੀ ਸਾਹਿਤ ਵਿੱਚ ਪਹਿਲਾ ਬਾਰਾਂਮਾਹ ਗੁਰੂ ਨਾਨਕ ਦੇਵ ਜੀ ਦਾ ਪ੍ਰਸਿਧ ਹੈ। ਕਿਹਾ ਜਾਂਦਾ ਹੈ ਗੁਰੂ ਨਾਨਕ ਦੇਵ ਜੀ ਦੀ ਅੰਤਮ ਰਚਨਾ ਤੁਖਾਰੀ ਰਾਗ ਵਿੱਚ ਹੈ। ਬਾਰਾਂਮਾਹ ਉਸ ਦਾ ਇਕ ਹਿੱਸਾ ਹੈ। ਇਸ ਵਿੱਚ ਬਾਰਾਂਮਾਹ ਸਮੇਂ ਪ੍ਰਕਿਰਤੀ ਵਿੱਚ ਆਉਂਦੀਆਂ ਤਬਦੀਲੀਆਂ ਅਤੇ ਅਮਰ ਭਾਰਤੀ ਜੀ ਅਨੁਸਾਰ, "ਜੀਵ ਰੂਪੀ ਇਸਤਰੀ ਦੀ ਬ੍ਰਹਮ ਰੂਪੀ ਪਤੀ ਨੂੰ ਮਿਲਣ ਦੀ ਤਾਂਘ ਅਤੇ ਮਿਲਣ ਯਾਤਰਾ ਵਿੱਚ ਆਉਣ ਵਾਲੀਆਂ ਰੋਕਾਂ, ਮੁਸ਼ਕਲਾਂ, ਲੋਭ, ਲਾਲਚ, ਭੁਲੇਖਿਆਂ ਤੇ ਛੋਟੀਆਂ ਮੋਟੀਆਂ ਪ੍ਰਾਪਤੀਆਂ ਦਾ ਵਰਨਣ ਕਰਕੇ ਅੰਤ ਬਸੰਤ ਦੇ ਮਹੀਨਿਆਂ ਵਿੱਚ ਮਿਲਣ ਦੀ ਸਥਿਤੀ ਦਾ ਵਰਨਣ ਕੀਤਾ ਹੈ।"

ਬਿਰਹਨ ਦਾ ਸਦੀਵ-ਕਾਲੀ ਸੱਚ ਹੈ ਕਿ ਉਹ ਪ੍ਰਿਅ ਬਾਝ ਦੁਹੇਲੀ ਹੈ। ਉਸ ਨੂੰ ਸੁਖ ਦੀ ਪ੍ਰਾਪਤੀ ਨਹੀ ਹੁੰਦੀ। ਸਤਿਗੁਰੂ ਜੀ ਦੇ ਸ਼ਬਦਾਂ ਵਿੱਚ — ***"ਪਿਰ ਘਰਿ ਨਹੀ ਆਵੈ ਕਿਉ ਸੁਖ ਪਾਵੈ ਬਿਰਹਿ ਬਿਰੋਧ ਤਨ ਛੀਜੈ। ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ"*** ਦੀ ਅਵਸਥਾ ਬਣੀ ਰਹਿੰਦੀ ਹੈ।

ਪੰਜਾਬੀ ਦੇ ਵਿਰਸੇ ਵਿੱਚੋਂ ਸਤਿਗੁਰੂ ਅਰਜਨ ਦੇਵ ਜੀ ਰਚਿੱਤ ਬਾਰਾਂਮਾਹ ਮਾਝ ਕੁਦਰਤੀ ਨਜ਼ਾਰਿਆਂ ਅਤੇ ਰੁੱਤਾਂ ਦੇ ਸੁਭਾ ਨੂੰ ਜੀਵ ਦੇ ਜੀਵਨ ਉੱਤੇ ਘਟਾਉਂਦੇ ਹਨ। ਜੀਵ ਦੀ ਅਵਸਥਾ ਬਾਰੇ ਦਸਦੇ ਹਨ: ***"ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ"*** ਹੈ ਅਤੇ ***ਹਰਿ ਮਿਲਣੈ ਨੂੰ ਮਨ ਲੋਚਦਾ*** ਹੈ। ਜੀ ਕਰਦਾ ਹੈ. ***ਕੋਈ ਆਣ ਮਿਲਾਵੈ।*** ਕਿਉਕਿ ***"ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜਆ"***, ਸਾਹਿਬ ਨਾਲ ਮਿਲਣ ਪਿਛੋਂ ਅਵਸਥਾ ਇਹ ਹੋ ਜਾਂਦੀ ਹੈ, ਕਿ ***"ਸੇਜ ਸੁਹਾਵੀ ਸਰਬ***



Sri Satguru Jagjit Singh Ji Elibrary NamdhariElibrary@gmail.com

*ਸੁਖ ਹੁਣ ਦੁਖਾ ਨਾਹੀ ਜਾਇ।"*

ਇਕ ਪਾਸੇ ਜੇ ਸੇਜ ਸੁਹਾਵੀ ਹੋਣ ਨਾਲ ਸਾਰੇ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ ਤਾਂ ਦੂਜੇ ਪਾਸੇ ਪ੍ਰਿਅ ਬਾਝ ਦੁਹੇਲੀ ਬਿਰਹਨ ਦੇ ਸਾਰੇ ਹੀ ਸੁਖ ਖੁੱਸ ਜਾਂਦੇ ਹਨ। ਉਹ ਤੜਪਦੀ ਹੈ, ਵਿਲਕਦੀ ਹੈ, ਬਿਲਲਾਉਂਦੀ ਤੇ ਕੁਰਲਾਉਂਦੀ ਹੈ। ਉਹ ਮਿਲਣ ਦਾ ਸਾਧਨ ਲਭਦੀ ਹੈ। ਇਹ ਸੰਸਾਰਕ ਨਾਰ-ਭਤਾਰ ਦੀ ਪ੍ਰੀਤ-ਸਾਂਝ, ਇਸ਼ਕ ਹਕੀਕੀ ਵਿੱਚ ਜੀਵ ਆਤਮਾ-ਪ੍ਰਮਾਤਮਾ ਦੀ ਸਾਂਝ ਬਾਰੇ ਰੂਹਾਨੀ ਸਾਹਿਤ ਵਿੱਚ ਮਿਲਦੀ ਹੈ।

ਦੋ ਬਾਰਾਂਮਾਹ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਕ੍ਰਿਸ਼ਨਾ ਅਵਤਾਰ ਦਾ ਹਿੱਸਾ ਹਨ।

ਭਾਰਤੀ ਪ੍ਰੰਪਰਾ ਅਨੁਸਾਰ ਬਿਰਹਾ ਕੁੱਠੀ ਪੀੜ ਨੂੰ ਪੇਸ਼ ਕਰਦੀਆਂ ਤਿੰਨ ਘਟਨਾਵਾਂ ਹਨ। ਇੱਕ ਦੁਸ਼ਿਅੰਤ-ਸ਼ਕੁੰਤਲਾ ਦੇ ਵਿਛੋੜੇ ਦੀ, ਦੂਜੀ ਭਗਵਾਨ ਰਾਮ-ਦਸਰਥ ਦੇ ਵਿਛੜਣ ਦੀ ਅਤੇ ਤੀਜੀ ਭਗਵਾਨ ਕ੍ਰਿਸ਼ਨ ਦੇ ਗੋਪੀਆਂ ਨੂੰ ਛੱਡ ਜਾਣ ਦੀ। ਦੂਜੀ ਤੇ ਤੀਜੀ ਘਟਨਾ ਨੂੰ ਕਈ ਵਾਰੀ ਬੁਲਾਰੇ ਜਾਂ ਗਾਇਕ ਇਸਤਰ੍ਹਾਂ ਪੇਸ਼ ਕਰਦੇ ਹਨ ਕਿ ਬਹੁਤੇ ਸਰੋਤਿਆਂ ਦੇ ਦਿਲਾਂ ਨੂੰ ਰੁੱਗ ਭਰਿਆ ਜਾਂਦਾ ਹੈ, ਨੇਤਰ ਸਜਲ ਹੋ ਜਾਂਦੇ ਹਨ।

੧੯ ਵੀਂ ਸਦੀ ਦੇ ਅਧਿਆਤਮਕ ਰਾਹਨੁਮਾ, ਸਮਾਜਕ ਆਗੂ ਅਤੇ ਰਾਜਨੀਤਕ ਪਥ-ਪ੍ਰਦਸ਼ਕ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਦੀ ਆਪ ਜੀ ਨਾਲ ਐਸੀ ਆਤਮਕ ਸਾਂਝ ਪਈ ਕਿ ਉਹ ਆਪ ਜੀ ਦੇ ਦਰਸ਼ਨ ਕਰਕੇ ਖੀਵੇ ਹੋ ਜਾਂਦੇ, ਸ਼ਬਦ ਕੀਰਤਨ ਕਰਦੇ ਸੁਣਦੇ ਮਸਤਾਨੇ ਹੋਏ ਰਹਿੰਦੇ। ਉਹਨਾਂ ਦੀ ਹਾਲਤ *"ਇਕ ਘੜੀ ਨਾ ਮਿਲਤੇ ਤਾ ਕਲਜੁਗ ਹੋਤਾ"* ਵਾਲੀ ਬਣੀ ਰਹਿੰਦੀ। ਆਪਣੇ ਗੁਰੂ ਨੂੰ ਨੈਣੀ ਦੇਖਿਆਂ ਤਸਕੀਨ ਮਿਲਦੀ।



Sri Satguru Jagjit Singh Ji Elibrary NamdhariElibrary@gmail.com

ਬਰਤਾਨਵੀ ਹਾਕਮਾਂ ਨੂੰ ਉਹਨਾਂ ਦੀ ਹਰ ਹਰਕਤ ਵਿੱਚੋਂ ਉਹਨਾਂ ਦੇ ਰਾਜ ਵਿਰੁਧ ਬਗ਼ਾਵਤ ਦੀ ਭਿਣਕ ਪਈ। ਉਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਹੱਥੋਂ ਆਪਣਾ ਰਾਜ ਖੁੱਸ ਜਾਣ ਦਾ ਭੈ ਵਿਆਪਿਆ। ਹਾਕਮਾਂ ਨੇ ੧੮੭੨ ਦੇ ਮਲੇਰ ਕੋਟਲੇ ਦੇ ਸਾਕੇ ਦੇ ਤਤਕਾਲ ਕਾਰਨ ਨੂੰ ਧਿਆਨ ਵਿੱਚ ਕਰਕੇ, ਸਤਿਗੁਰੂ ਰਾਮ ਸਿੰਘ ਜੀ ਦਾ ਸਾਰਾ ਕਸੂਰ ਦੱਸਕੇ, ਬਿਨਾ ਮੁਕਦਮਾ ਚਲਾਏ ੧੮ ਜਨਵਰੀ ੧੮੭੨ ਨੂੰ ਆਪ ਜੀ ਨੂੰ ਦੇਸ ਬਦਰ ਕਰ ਦਿੱਤਾ, ਸ੍ਰੀ ਭੈਣੀ ਸਾਹਿਬ ਤੋਂ ਲੁਧਿਆਣੇ, ਉਥੋਂ ਅਲਾਹਬਾਦ ਤੇ ਫੇਰ ਰੰਗੂਨ।

ਨਾਮਧਾਰੀ ਸਿੱਖਾਂ ਉਤੇ ਕਰੜੀਆਂ ਪਾਬੰਦੀਆਂ ਲਗਾਈਆਂ ਗਈਆਂ। ੫ ਨਾਮਧਾਰੀ ਸਿੰਘਾਂ ਦਾ ਇਕੱਠੇ ਹੋਣਾ ਗੈਰ-ਕਾਨੂੰਨੀ ਸੀ। ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਬੂਹੇ ਤੇ ਪੁਲਿਸ ਚੌਕੀ ਬਿਠਾ ਦਿੱਤੀ ਗਈ ਸੀ। ਕਿਸੇ ਨੂੰ ਪਤਾ ਨਹੀਂ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਕਿੱਥੇ ਹਨ। ਨਾਮਧਾਰੀ ਪੰਥ ਉੱਤੇ ਬਿਜਲੀ ਡਿੱਗ ਪਈ। ਉਸਨੇ ਦਿਨ੍ਹਾਂ ਦਾ ਆਹਲਣਾ ਸਾੜ ਸਵਾਹ ਕੀਤਾ। ਸਾਰੇ ਨਾਮਧਾਰੀ ਵਿਛੋੜੇ ਦੀ ਅੱਗ ਵਿੱਚ ਸੜਣ ਲੱਗੇ। ਕਬੀਰ ਜੀ ਦੀ ਬਾਣੀ *"ਕਬੀਰ ਬਿਰਹੁ ਭੁਯੰਗਮ ਮਨਿ ਬਸੈ ਮੰਤੁ ਨ ਮਾਨੈ ਕੋਇ। ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ।"* ਲਗਦਾ ਸੀ ਉਹਨਾਂ ਦੀ ਮਾਨਸਿਕ ਅਵਸਥਾ ਦੀ ਤਰਜਮਾਨੀ ਕਰਦੀ ਹੈ।

ਨਾਮਧਾਰੀ ਸਿੱਖਾਂ ਦੀ ਮਸਤਾਨੀ ਅਵਸਥਾ ਨਾਮਧਾਰੀ ਸਾਹਿਤਕਾਰੀ ਦਾ ਹਿੱਸਾ ਬਣੀ। ਇਸ ਸੰਗ੍ਰਹਿ ਵਿੱਚ ਸ਼ਾਮਿਲ ਬਾਰਾਂਮਾਹ ਲੰਮੇ ਸਮੇਂ ਤੋਂ ਭੋਗੀ ਜਾ ਰਹੀ ਵਿਯੋਗੀ ਦਸ਼ਾ ਦਾ ਪ੍ਰਗਟਾਵਾ ਕਰਦੇ ਹਨ।

ਬਾਬਾ ਚੰਦਾ ਸਿੰਘ ਦਾ ਬਾਰਾਂਮਾਹ ਨਾਮਧਾਰੀ ਸਾਹਿਤ ਦੀ ਪਹਿਲੀ ਕਾਵਿ ਰਚਨਾ ਹੈ। ਇਸ ਦੀ ਵੱਥ ਬਾਰੇ ਪਿਆਰਾ ਸਿੰਘ ਪਦਮ



Sri Satguru Jagjit Singh Ji Elibrary NamdhariElibrary@gmail.com

ਨੇ ਲਿਖਿਆ ਹੈ, " ਭਾਈ ਚੰਦਾ ਸਿੰਘ ਨਾਮਧਾਰੀ ਸਨ। ਇਹਨਾਂ ਬਾਬਾ (ਸਤਿਗੁਰੂ) ਰਾਮ ਸਿੰਘ ਜੀ ਦੇ ਵਿਛੋੜੇ ਵਿੱਚ ਬਾਰਾਂਮਾਹ ਲਿਖਿਆ ਹੈ।"

– ਪੰਜਾਬੀ ਬਾਰਾਂਮਾਹੇ।

ਡਾਕਟਰ ਹਰਿਭਜਨ ਸਿੰਘ ਦੇ ਸ਼ਬਦਾਂ ਵਿੱਚ, "ਆਪਣੇ ਉਪਰ ਲੱਗੀਆਂ ਕਰੜੀਆਂ ਪਾਬੰਦੀਆਂ ਕਾਰਨ ਉਹ ਉਸ ਵਿਯੋਗ ਨੂੰ ਬਹੁਤ ਤੀਬਰਤਾ ਨਾਲ ਮਹਿਸੂਸ ਕਰ ਰਹੇ ਸਨ। ਉਸ ਸਮੇਂ ਮਹਿਸੂਸੀ ਗਈ ਸ਼ਰਧਾ, ਬਿਰਹੋਂ ਤੇ ਉਦਾਸੀ ਦਾ ਪ੍ਰਗਟਾਵਾ ਇਸ ਰਚਨਾ ਵਿੱਚ ਹੋਇਆ। ਇਹਨਾਂ ਦੇ ਅੰਗ ਸੰਗ ਦੇਸ਼ ਭਗਤੀ ਪਰੁਚੀ ਰਹੀ।

ਆਪਣੇ ਸਤਿਗੁਰੂ ਪ੍ਰਤੀ ਅਨਿਨ ਸ਼ਰਧਾ ਰੱਖਣ ਵਾਲੇ ਨਾਮਧਾਰੀ ਸੰਜੁਗਤ ਭਾਵਨਾ ਵਾਲੇ ਧਰਮੀ ਬੰਦੇ ਸਨ। ਚੰਦਾ ਸਿੰਘ ਮੰਗਲਾ ਚਰਨ ਵਿੱਚ ਆਪਣੇ ਸਤਿਗੁਰਾਂ ਨੂੰ ਨਮਸਕਾਰ ਕਰਨ ਬਾਦ ਗਣਪਤਿ, ਗੌਰਾਂ ਅਤੇ ਸ਼ਾਰਧਾ ਦੀ ਸ਼ਰਨ ਪ੍ਰਾਪਤ ਕਰਦਾ ਹੈ ਅਤੇ ਗੁਰੂ ਨਾਨਕ ਦੀ ਬਾਣੀ ਤੋਂ ਪ੍ਰੇਰਨਾ ਲੈਂਦਾ ਹੈ। ਬਾਰਾਂਮਾਹ ਦੇ ਅੰਦਰ ਉਹ ਬਾਬਾ (ਸਤਿਗੁਰੂ ) ਜੀ ਨੂੰ ਰਘੁਪਤਿ ਕਹਿੰਦਾ ਹੈ ਰਮਾਇਣ ਦੀ ਕਥਾ ਵਿੱਚੋਂ ਪ੍ਰਮਾਣ ਲਏ ਗਏ ਹਨ। ਚੰਦਾ ਸਿੰਘ ਨੂੰ (ਸਤਿਗੁਰੂ) ਰਾਮ ਸਿੰਘ ਦਾ ਦੇਸ਼ ਨਿਕਾਲਾ ਰਾਮ ਬਨਬਾਸ ਵਰਗਾ ਜਾਪਦਾ ਹੈ। ਉਹਨਾਂ ਦੇ ਬਾਦ ਉਹਨਾਂ ਦਾ ਭਾਈ ਬੁਧ ਸਿੰਘ (ਸਤਿਗੁਰੂ ਹਰੀ ਸਿੰਘ) ਭੈਣੀ ਵਿੱਚ ਇੰਜ ਕਾਰਜ-ਸ਼ੀਲ ਹੈ ਜਿਵੇਂ ਅਯੁਧਿਆ ਵਿੱਚ ਭਰਤ। ਪਾਬੰਦੀਆਂ ਲਾਉਣ ਵਾਲੇ ਜ਼ਾਲਮ ਕੰਸ ਨੂੰ ਪਛਾੜਣ ਲਈ ਕ੍ਰਿਸ਼ਨ ਨੇ ਅਵਤਾਰ ਧਾਰਿਆ, ਇਸ ਦਾ ਪਰਮਾਣ ਦੇਂਦੇ ਹੋਏ ਜਾਬਰ ਅੰਗਰੇਜ਼ ਦਾ ਅੰਤ ਕਰਨ ਵਾਲੇ ਬਾਬੇ (ਸਤਿਗੁਰੂ) ਰਾਮ ਸਿੰਘ ਵੱਲ ਸੰਕੇਤ ਗਿਆ ਹੈ। ਚੀਨੀ ਘੋੜੀ ਤੇ ਸਵਾਰ ਬਾਬਾ (ਸਤਿਗੁਰੂ) ਰਾਮ ਸਿੰਘ ਜੀ ਦੇ ਨਾਲ ਨਾਲ ਸਲੋਤਰ (ਡੰਡੇ) ਫੜ ਕੇ ਮਸਤਾਨੇ ਕੂਕੇ ਚਲੇ ਜਾ ਰਹੇ ਹਨ। ਜਿਵੇਂ ਲੰਕਾ ਨੂੰ ਜਿੱਤਣ ਲਈ ਬਾਨਰ ਸੈਨਾ ਰਾਮ ਚੰਦਰ



Sri Satguru Jagjit Singh Ji Elibrary NamdhariElibrary@gmail.com

ਦੇ ਨਾਲ ਤੁਰੀ ਜਾ ਰਹੀ ਹੋਵੇ। ਇਸ ਰਚਨਾ ਦੇ ਅੰਦਰ ਪੰਜਾਬੀ ਵਾਰ ਦੇ ਵੇਰਵੇ - ਕਲ ਤੇ ਨਾਰਦ ਵੀ ਨਜ਼ਰ ਆਉਂਦੇ ਹਨ। ਨੰਦਨ (ਲੰਡਨ) ਅਤੇ ਰੂਸ ਦੀਆਂ ਫੌਜਾਂ ਦੇ ਕਾਲਪਨਿਕ ਯੁੱਧ ਦਾ ਵੀ ਚਿਤਰ ਹੈ। ਰਚਨਾ ਅਸੁਰ ਸੰਘਾਰ ਤੇ ਖ਼ਤਮ ਹੁੰਦੀ ਹੈ। ਇਹ ਸੂਖ਼ਮ ਜਿਹਾ ਸੰਕੇਤ ਚੰਡੀ ਦੀ ਵਾਰ ਵੱਲ ਹੈ।

ਇਹ ਬਾਰਾਂਮਾਹ ਉਦੋਂ ਲਿਖਿਆ ਗਿਆ ਜਦੋਂ ਪੰਜਾਬ ਦੇ ਹੋਰ ਕਵੀ ਅੰਗ੍ਰੇਜ਼ ਰਾਜ ਬਾਰੇ ਚੁੱਪ ਸਨ। ਜਾਂ ਉਹਨਾਂ ਦੀ ਉਸਤਤ ਕਰ ਰਹੇ ਸਨ। ਇਸ ਦਾ ਇਤਿਹਾਸਕ ਮਹੱਤਵ ਨਿਰਵਿਵਾਦ ਹੈ।

-ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ

ਇਹ ਬਾਰਾਂਮਾਹ ਸੁਣਕੇ ਕੂਕਿਆਂ ਦਾ ਵੈਰਾਗ ਠਲ੍ਹਿਆ ਨਹੀਂ ਸੀ ਜਾਂਦਾ। ਉਹ ਛਾਤੀਆਂ ਪਿੱਟਦੇ, ਕੂਕਾਂ ਮਾਰਦੇ ਮਸਤਾਨੇ ਹੋ ਜਾਂਦੇ ਸਨ। ਇਸ ਦੀ ਰਚਨਾ ਦਾ ਭਾਵੇਂ ਸਹੀ ਸਮਾਂ ਨਹੀਂ ਮਿਲਦਾ ਪਰ ਸਰਕਾਰੀ ਰਿਕਾਰਡ ਅਨੁਸਾਰ ੧੦ ਅਪ੍ਰੈਲ ੧੮੮੪ ਤਕ ਇਹ ਬਾਬਾ ਚੰਦਾ ਸਿੰਘ ਦਾ ਬਾਰਾਂਮਾਹ ਨਾਮਧਾਰੀ ਸਿੱਖਾਂ ਵਿੱਚ ਮਸ਼ਹੂਰ ਹੋ ਚੁੱਕਾ ਸੀ। ਇਸ ਬਾਰਾਂਮਾਹ ਦੇ ਆਧਾਰ ਤੇ ਕਿ ਸਤਿਗੁਰੂ ਰਾਮ ਸਿੰਘ ਵਾਪਸ ਆ ਕੇ ਅੰਗਰੇਜ਼ ਦਾ ਰਾਜ ਖੋਹ ਲੈਣਗੇ ਬਾਰੇ ਪੰਜਾਬ ਦੇ ਕਾਰਜਕਾਰੀ ਸਕੱਤਰ ਸੀ. ਐਲ. ਟੱਪਰ ਨੇ ਭਾਰਤ ਸਰਕਾਰ ਨੂੰ ਲਿਖਿਆ ਸੀ।

ਬਾਬਾ ਚੰਦਾ ਸਿੰਘ ਅਤੇ ਉਸਦੀ ਰਚਨਾ ਬਾਰਾਂਮਾਹ ਬਾਰੇ ਆਤਮਾ ਸਿੰਘ ਸਨਖਤ੍ਰਵੀ ਲਿਖਦੇ ਹਨ:

'ਇਹਨਾਂ ਮਹਾਂ ਪੁਰਖਾਂ ਨੇ (ਜੋ ਕਦੀਮੀ ਨੇਤਰਹੀਨ ਸਨ) ਨਾਮ ਦੀ ਪ੍ਰਾਪਤੀ ਤੋਂ ਬਾਦ ਨਾਮ ਜਪਣ ਕਰਕੇ ਨਿਰਮਲ ਬੁੱਧੀ ਤੇ ਸ਼ੁੱਧ ਅੰਤਸ਼



Sri Satguru Jagjit Singh Ji Elibrary NamdhariElibrary@gmail.com

ਕਰਨ ਹੋ ਜਾਣ ਤੇ ਸਤਿਗੁਰਾਂ ਦੇ ਵਿਛੋੜੇ ਦੀ ਲਗਨ ਵਿੱਚ ਮਗਨ ਹੋ ਕੇ ਬਾਰਾਂਮਾਹ ਦੇ ਰੂਪ ਵਿੱਚ ਇਕ ਪ੍ਰੇਮ ਕਾਵਿ ਦੀ ਰਚਨਾ ਕੀਤੀ ਹੈ ਅਤੇ ਆਪਣੇ ਕੰਠਾਗਰ ਤੋਂ ਕਈਆਂ ਨੂੰ ਲਿਖਵਾਈ। ਸੰਤਾਂ ਨੇ ਇਸ ਕਵਿਤਾ ਵਿੱਚ ਨਾਮਧਾਰੀ ਇਤਿਹਾਸ ਦੇ ਸਾਗਰ ਨੂੰ ਕੇਵਲ ਬਾਰਾਂ ਮਹੀਨਿਆਂ ਦੀ ਕ੍ਰਿਤ ਦੇ ਕੁੱਜੇ ਵਿੱਚ ਹੀ ਸੀਮਿਤ ਕਰ ਦਿਤਾ ਹੋਇਆ ਹੈ।

–ਚਾਰ ਇਤਿਹਾਸਕ ਬਾਰਾਂਮਾਹ

੧੯ ਵੀਂ ਸਦੀ ਦੇ ਕਵੀ ਬਾਬਾ ਚੰਦਾ ਸਿੰਘ ਦਾ ਹੀ ਸਮਕਾਲੀ ਹੋਇਆ ਹੈ ਸੰਤ ਨਿਹਾਲ ਸਿੰਘ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਥ ਦੇ, ਉਤੇ ਲਿਖੇ, ਦੋਹਾਂ ਪੁਰਾਣੇ ਕਵੀਆਂ ਨੂੰ ਮਾਨਤਾ ਦਿੱਤੀ ਹੈ।

ਸੰਤ ਨਿਹਾਲ ਸਿੰਘ ਦੀ ਰਚਨਾ ਬਾਰਾਂਮਾਹ ਬਾਰੇ ਡਾ. ਹਰਿਭਜਨ ਸਿੰਘ ਲਿਖਦੇ ਹਨ। 'ਇਹ ਰਚਨਾ ਜਨ ਸਾਧਾਰਨ ਦੇ ਬਹੁਤ ਨੇੜੇ ਹੈ। ਕਲਪਨਾ ਦੀ ਉਚ ਉਡਾਰੀ ਜਾਂ ਭਾਸ਼ਕ ਸ਼ਿਲਪ ਦੇ ਜਟਿਲ ਪ੍ਰਗਟਾਵੇ ਵਿੱਚ ਕਵੀ ਦੀ ਕੋਈ ਰੁਚੀ ਨਹੀਂ । ਨਿਰੋਲ ਸ਼ਰਧਾ ਦੀ ਸਰਲਤਾ ਇਸ ਰਚਨਾ ਦੇ ਆਰ ਪਾਰ ਫੈਲੀ ਹੋਈ ਹੈ। ਇਸ ਰਚਨਾ ਦਾ ਸੁਭਾਅ ਤਤਕਾਲੀਨ ਸਾਦਾ ਨਾਮਧਾਰੀ ਜੀਵਨ – ਜਾਚ ਦੇ ਹੀ ਅਨੁਕੂਲ ਹੈ ਨਾਮ, ਇਸ਼ਨਾਨ, ਸਾਦਾ ਵੇਸ, ਕੀਰਤਨ, ਮਾਸ ਸ਼ਰਾਬ ਪ੍ਰਤੀ ਅਰੁਚੀ, ਗੁਰੂ ਪ੍ਰਤੀ ਸਮਰਪਨ – ਭਾਵਨਾ ਨਿੰਦਕਾਂ ਪ੍ਰਤੀ ਰੋਸ, ਅੰਗ੍ਰੇਜ਼ੀ ਰਾਜ ਕਾਜ ਵਿੱਚ ਵਾਪਰੇ (ਸਤਿਗੁਰੂ) ਬਾਬਾ ਰਾਮ ਸਿੰਘ ਦੇ ਦੇਸ ਨਿਕਾਲੇ ਆਦਿ ਦਾ ਸੰਖੇਪ ਵਰਨਣ ਇਸ ਰਚਨਾ ਵਿੱਚ ਅਲੰਕਾਰਾਂ ਦੀ ਵਰਤੋ ਤੋਂ ਬਗੈਰ ਹੋਇਆ ਹੈ।

–ਉਨ੍ਹੀਵੀ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ



Sri Satguru Jagjit Singh Ji Elibrary NamdhariElibrary@gmail.com

ਸ. ਪਿਆਰਾ ਸਿੰਘ 'ਪਦਮ' ਲਿਖਦੇ ਹਨ : -

ਜਦੋਂ ਨਾਮਧਾਰੀ ਲਹਿਰ ਦੇ ਮੋਢੀ ਬਾਬਾ (ਸਤਿਗੁਰੂ) ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਰੰਗੂਨ ਭੇਜ ਦਿੱਤਾ ਗਿਆ ਤਾਂ ਕੁਝ ਕੁ ਸ਼ਰਧਾਲੂ ਕਵੀਆਂ ਇਸੇ ਵਿਯੋਗ ਵਰਨਣ ਨੂੰ ਬਾਰਾਂਮਾਹ ਦਾ ਰੂਪ ਦਿੱਤਾ।ਜਿਨ੍ਹਾਂ ਵਿੱਚੋਂ ਕਿਤੇ ਕਿਤੇ ਦਰਦ ਦਾ ਰੰਗ ਚੰਗਾ ਉਘੜਿਆ ਹੈ। ਭਾਈ ਨਿਹਾਲ ਸਿੰਘ ਕ੍ਰਿਤ ਬਾਰਾਂਮਾਹ ਦੇ ਅੰਤਲੇ ਬੰਦ ਦਾ ਹਿੱਸਾ ਹੈ,

ਫੱਗਣ ਫੇਰ ਕਦੀ ਆਵੀਂ ਮੁਖ ਆਪਣਾ ਦਿਖਾਵੀਂ,
ਰਤਾ ਚੈਨ ਨਹੀਂ ਆਵੇ ਤੇਰੀ ਸੰਗਤ ਕੁਰਲਾਂਵਦੀ।
ਬੁਰਾ ਗੁਰਾਂ ਦਾ ਵਿਛੋੜਾ ਜੈਸੇ ਜਿਗਰ ਵਿੱਚ ਫੋੜਾ,
ਦਿਨ ਰਾਤ ਇਹੋ ਝੋਰਾ ਕੋਈ ਗੱਲ ਨਹੀ ਭਾਂਵਦੀ।

-ਪੰਜਾਬੀ ਬਾਰਾਂਮਾਹੇ

ਬਾਬਾ ਕਾਲਾ ਸਿੰਘ ਜੀ ਨੰਗਲ (ਲੁਧਿਆਣਾ) ਨੇ ਨਾਮਧਾਰੀ ਇਤਿਹਾਸ ਕਵਿਤਾ ਵਿੱਚ ਲਿਖਿਆ ਹੈ। ਉਹਨਾਂ ਦੀ ਜਾਣਕਾਰੀ ਦੇਂਦਿਆਂ ਸੰਤ ਆਤਮਾ ਸਿੰਘ ਸਨਖਤ੍ਰਵੀ ਜੀ ਲਿਖਦੇ ਹਨ:-

"ਬਾਬਾ ਜੀ ਨੂੰ ਕਵਿਤਾ ਵਿੱਚ ਨਾਮਧਾਰੀ ਇਤਿਹਾਸ ਲਿਖਣ ਦੀ ਬੜੀ ਲਗਨ ਸੀ। ਘਰੋਗੀ ਕਾਰ ਵਿਹਾਰ ਦੇ ਸਿਲਸਿਲੇ ਵਿੱਚ ਆਪ ਠਠਿਆਰਾਂ ਦੇ ਕੰਮ ਦੇ ਚੰਗੇ ਜਾਣੂੰ ਸਨ। ਦੂਰ ਦੂਰ ਇਲਾਕਿਆਂ ਦੇ ਪਿੰਡਾਂ ਵਿੱਚ ਏਸ ਕਿਰਤ ਦੇ ਸੰਬੰਧ ਵਿੱਚ ਫਿਰਦਿਆਂ ਹੀ ਨਾਮਧਾਰੀ ਸ਼ਹੀਦ ਬਿਲਾਸ, ਪੈਂਤੀ ਅੱਖਰੀ ਤੇ ਬਾਰਾਂਮਾਹ ਆਦਿ ਕਾਵਿ ਪੁਸਤਕਾਂ ਦੀ ਉਸ ਵਕਤ ਰਚਨਾ ਕੀਤੀ ਜਦ ਕਿ ਨਾਮਧਾਰੀ ਪੰਥ ਦੇ ਪ੍ਰਚਾਰ ਉਤੇ ਅੰਗਰੇਜ਼ੀ ਹਕੂਮਤ ਦੀ ਕਰੜੀ ਨਿਗਰਾਨੀ ਸੀ।

-ਚਾਰ ਇਤਿਹਾਸਕ ਬਾਰਾਂ ਮਾਹ



Sri Satguru Jagjit Singh Ji Elibrary NamdhariElibrary@gmail.com

ਉਹਨਾਂ ਦੀ ਆਪਣੀ ਲਿਖਤ ਅਨੁਸਾਰ ਉਹ ਨਾਮ ਦੇਵ (ਦਰਜ਼ੀ) ਘਰਾਣੇ ਦੇ ਸਨ, ਵੱਡੇ ਨੰਗਲ ਦੇ। ਉਹਨਾਂ ਦਾ ਜਨਮ ੧੯੬੫ ਈਸਵੀ ਦਾ ਹੈ। ਉਹਨਾਂ ਗੁਰੂ ਹਰੀ ਸਿੰਘ ਸਮੇਂ ੧੯੮੫ ਵਿੱਚ ਭਜਨ ਪੁੱਛਿਆ।

ਬਾਬਾ ਕਾਲਾ ਸਿੰਘ ਦਾ ਬਾਰਾਂਮਾਹ ਪੜ੍ਹ ਕੇ ਗੁਰੂ ਰਾਮ ਸਿੰਘ ਜੀ ਦਾ ਸਿੱਖ ਬਣਨ ਦੀ ਪ੍ਰੇਰਨਾ ਮਿਲਦੀ ਹੈ, ਮਲੇਰ ਕੋਟਲੇ ਦੇ ਸਾਕੇ ਬਾਰੇ ਸੰਕੇਤ ਮਿਲਦੇ ਹਨ ਜਿਸ ਕਰਕੇ ਸਤਿਗੁਰੂ ਜੀ ਨੂੰ ਪ੍ਰਦੇਸ ਗਵਨ ਕਰਨਾ ਪਿਆ। ਉਹਨਾ ਨੂੰ ਭਰੋਸਾ ਹੈ ਕਿ ਗਊ ਗਰੀਬ ਦੇ ਰਾਖੇ ਸਤਿਗੁਰੂ ਜੀ ਮੁੜ ਵਤਨਾਂ ਨੂੰ ਪਰਤਣਗੇ।

ਸੂਬਾ ਮੀਹਾਂ ਸਿੰਘ ਗੁਰੂ ਸਰ (ਫਿਰੋਜ਼ਪੁਰ) ਦੇ ਸਨ। ਉਹਨਾ ਦੇ ਪਿਤਾ ਸੰਤ ਸੁੰਦਰ ਸਿੰਘ ਅਤੇ ਮਾਤਾ ਰਾਮ ਕੌਰ ਜੀ ਸਨ। ਉਹਨਾਂ ਦਾ ਜਨਮ ੧੯੮੮ ਈਸਵੀ ਦਾ ਹੈ। ਉਹਨਾਂ ਦੇ ਪਰਵਾਰ ਦੀ ਗੁਰੂ ਘਰ ਉਤੇ ਅਪਾਰ ਸ਼ਰਧਾ ਸੀ। ਉਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੁਨਿਆਵੀ ਰਿਸ਼ਤੇ ਵਿੱਚ ਮਾਂਮਾ ਜੀ ਸਨ। ਗੁਰੂ ਘਰ ਨਾਲ ਏਨੀ ਨੇੜੇ ਦੀ ਪਰਵਾਰਕ ਸਾਂਝ ਹੋਣ ਦੇ ਬਾਵਜੂਦ ਉਹਨਾਂ ਨੇ ਕਦੇ ਆਪਣੇ ਲਈ ਕੋਈ ਰਿਆਇਤ ਨਾ ਲਈ। ਉਹ ਹੋਰ ਸਿੱਖਾਂ ਸਾਧਾਂ ਵਾਂਗ ਸਤਿਗੁਰੂ ਜੀ ਦੇ ਹੁਕਮ ਵਿੱਚ ਰਹੇ ਉਂਜ ਉਹਨਾਂ ਨੂੰ, ਸਤਿਗੁਰੂ ਜੀ ਨੂੰ, ਗੁਰਬਾਣੀ ਦਾ ਪਾਠ ਸ਼ੁੱਧ ਕਰਵਾਉਣ ਦਾ ਸਮਾਂ ਮਿਲਿਆ। ਸੁਹੇਵੇ ਸਾਹਿਬ ਅਖੰਡ ਪਾਠਾਂ, ਵਰਨੀਆਂ ਸਮੇ ਤਾਂ ਆਪਨੇ ਆਪਣੀ ਰੋਟੀ ਲਈ ਦੁਕਾਨਦਾਰੀ ਕੀਤੀ ਅਤੇ ਲੰਗਰ ਵਿੱਚ ਹਿੱਸਾ ਪਾਇਆ। ਉਹਨਾਂ ਆਪਣੇ ਹਿੱਸੇ ਦੀ ਜ਼ਮੀਨ ਗੁਰਦਵਾਰੇ ਦੇ ਨਾਂ ਲਾ ਦਿੱਤੀ। ਉਹਨਾਂ ਨੇ ੯੫ ਸਾਲ ਦੀ ਉਮਰ ਵਿੱਚ ਚੜ੍ਹਾਈ ਕੀਤੀ।

ਇਹਨਾਂ ਦਾ ਬਾਰਾਂਮਾਹ ਸਤਿਜੁਗ ਦੇ ੧੯੩੪ ਦੇ ਬਸੰਤ ਅੰਕ ਵਿੱਚ ਛਪਿਆ ਪ੍ਰਾਪਤ ਹੋਇਆ ਹੈ। ਜਿਸ ਵਿੱਚ ਚਾਰ ਚਾਰ ਤੁਕਾਂ ਦੇ ਬੈਂਤ ਦੇ ਬਾਰਾਂ ਬੰਦ ਹਨ। ਕਾਵਿ ਰਚਨਾ ਵਿੱਚ ਅਲੰਕਾਰਾਂ ਮੁਹਾਵਰਿਆਂ ਦੀ



Sri Satguru Jagjit Singh Ji Elibrary NamdhariElibrary@gmail.com

ਸੁਚੱਜੀ ਜੜਤ ਹੈ। ਕਵੀ ਦਾ ਪੀਆ ਚੀਨੀ ਅਸਵਾਰ ਸਤਿਗੁਰੂ ਰਾਮ ਸਿੰਘ ਹੈ ਸੋ ਕੋਈ ਮੌਸਮ ਉਸ ਨੂੰ ਨਹੀਂ ਭਾਉਂਦਾ। ਉਸ ਨੂੰ ਸਤਿਗੁਰੂ ਜੀ ਦਾ ਗੱਡੇ ਤੇ ਬੈਠ ਕੇ, ਕਾਲੀ ਕੰਬਲੀ ਲੈ ਕੇ ਚਲੇ ਜਾਣ ਦਾ ਦ੍ਰਿਸ਼ ਚੇਤੇ ਆਉਂਦਿਆਂ ਮਾਘ ਦੁਖਦਾਈ ਲੱਗਦਾ ਹੈ। ਸਾਰਾ ਬਾਰਾਂਮਾਹ ਇੱਕ ਰਸ ਕਵੀ ਮਨ ਦੀ ਬਿਰਹਾ-ਪੀੜ ਦੀ ਤਰਜਮਾਨੀ ਕਰਦਾ ਹੈ।

ਤੇਜਾ ਸਿੰਘ ਸੇਖਲ ਦਾ ਜਨਮ ੧੯੦੪ ਈਸਵੀ ਦਾ ਮਾਨਾ ਵਾਲੇ (ਪਾਕਿਸਤਾਨ) ਦਾ ਹੈ। ਉਹਨਾਂ ਦੇ ਪਿਤਾ ਦਾ ਨਾਮ ਸੰਤ ਕਰਮ ਸਿੰਘ ਅਤੇ ਮਾਤਾ ਦਾ ਨਾਮ ਬੀਬੀ ਚੰਦ ਕੌਰ ਸੀ। ਉਹਨਾਂ ਦੇ ਦਾਦਾ ਸੰਤ ਰੂਪ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਆਪ ਭਜਨ ਦਿੱਤਾ ਸੀ। ਇਸ ਕਰਕੇ ਅਗਲੀਆਂ ਪੀੜ੍ਹੀਆਂ ਵਿੱਚ ਵੀ ਸਿੱਖੀ ਭਾਵਨਾ ਬਣੀ ਹੋਈ ਹੈ। ਦੇਸ ਦੀ ਵੰਡ ਪਿਛੋਂ ਉਹ ਸ੍ਰੀ ਜੀਵਨ ਨਗਰ ਦੇ ਇਲਾਕੇ ਵਿੱਚ ਆ ਗਏ। ਉਹ ਭਜਨੀਕ ਸਿੱਖ ਸਨ। ਕਿਹਾ ਜਾਂਦਾ ਹੈ ਕਿ ਉਹਨਾਂ ਆਪਣੇ ਅੰਤਮ ਸਮੇਂ ਤੋਂ ਚਾਰ ਦਿਨ ਪਹਿਲਾਂ ਹੀ ਦੁਨੀਆਂ ਤੋਂ ਜਾਣ ਦਾ ਸਮਾ ਦੱਸ ਦਿੱਤਾ ਸੀ। ਉਹਨਾਂ ੩ ਫਰਵਰੀ ੧੯੯੯ ਨੂੰ ਪ੍ਰਲੋਕ ਗਵਨ ਕੀਤਾ।

ਉਹਨਾ ਦੇ ਬਾਰਾਂਮਾਹ ਪ੍ਰੇਮ ਪਿਆਰ ਗੁੰਧੀ ਰਚਨਾ ਹੈ, ਜੋ ੧੯੮੭ ਦੇ ਸਤਿਜੁਗ ਦੇ ਬਸੰਤ ਅੰਕ ਵਿੱਚ ਛਪੀ। ਇਸ ਕਾਵਿ ਰਚਨਾ ਵਿੱਚ ਕਿਤੇ ਕਿਤੇ ਹਾਸ਼ਮ ਦੇ ਦੋਹੜਿਆਂ ਦਾ ਰੰਗ ਨਜ਼ਰ ਆਉਂਦਾ ਹੈ। ਕਵੀ ਕਦੀ ਤਾਂ ਵਿਸ਼ਵ ਵਿਆਪੀ ਜੁਦਾਈ ਦੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ। ਕਦੀ ਜੁਦਾਈ ਦੇਣ ਵਾਲੇ ਸਤਿਗੁਰੂ ਨੂੰ ਸੰਬੋਧਨ ਹੁੰਦਾ ਹੈ। ਕਵਿਤਾ ਵਿੱਚ ਜਨਕ ਦੇ ਬੰਦ ਖਲਾਸੀ ਕਰਨ ਦੇ ਤੇ ਪੰਜਵੇਂ, ਨੌਵੇਂ, ਦਸਵੇਂ ਸਤਿਗੁਰੂ ਸਾਹਿਬਾਨ ਦੇ ਹਵਾਲੇ ਹਨ। ਸੇਖਲ ਨੂੰ ਡੋਲੀ ਹੋਈ ਦੁਨੀਆ ਦੇ ਦੁੱਖਾਂ ਦਾ ਹੱਲ ਸਤਿਗੁਰੂ ਜੀ ਦੇ ਵਾਪਸ ਪਰਤਣ ਨਾਲ ਨਿਕਲਦਾ ਲੱਗਦਾ ਹੈ। ਸਤਿਗੁਰੂ ਜੀ ਦੇ ਆਇਆਂ ਹੀ ਵਿਛੋੜੇ ਦਾ ਦੁੱਖ ਦੂਰ ਹੋਣਾ ਹੈ ਅਤੇ ਲੋਕ ਸੁਖੀ ਪ੍ਰਲੋਕ ਸੁਹੇਲਾ ਹੋਣਾ ਹੈ।



Sri Satguru Jagjit Singh Ji Elibrary NamdhariElibrary@gmail.com

ਸੰਤ ਇਕਬਾਲ ਸਿੰਘ ਮਨਚੰਦਾ (੧੨ ਅਕਤੂਬਰ, ੧੯੧੯ - ੧੪ ਅਗਸਤ, ੧੯੯੦) ਸਿਆਮ ਵਸਦੇ ਸੰਤ ਈਸ਼ਰ ਸਿੰਘ ਅਤੇ ਬੀਬੀ ਚੰਨਣ ਕੌਰ ਦੇ ਸਪੁੱਤਰ ਸਨ। ਇਹਨਾ ਨੂੰ ਗੁਰੂ ਘਰ ਦੀ ਸੇਵਾ ਕਰਨ, ਕਵਿਤਾ ਅਤੇ ਇਤਿਹਾਸ ਲਿਖਣ ਦਾ ਸ਼ੌਕ ਸੀ। ਉਹਨਾ ਦੀ ਪੁਸਤਕ ਨਾਮਧਾਰੀ ਸੰਗਤ ਸਿਆਮ ਦਾ ਸੰਖੇਪ ਇਤਿਹਾਸ, ਸਤਿਜੁਗ ਵਿੱਚ ਲੜੀ ਵਾਰ ਛਪ ਚੁੱਕੀ ਹੈ। ਉਹ ਬੁਲਾਰੇ ਵੀ ਸਨ ਅਤੇ ਗਾਇਕ ਵੀ। ਉਹਨਾਂ ਨੇ ੭੧ ਕੁ ਸਾਲ ਦੀ ਉਮਰੇ ਪ੍ਰਲੋਕ ਗਵਨ ਕੀਤਾ।

੧੯੫੨ ਦੇ ਬਸੰਤ ਅੰਕ ਵਿੱਚੋਂ ਪ੍ਰਾਪਤ ਬਾਰਾਂਮਾਹ ਬਾਬਤ ਸੰਤ ਆਤਮਾ ਸਿੰਘ ਸਨਖਤ੍ਰਵੀ ਜੀ ਲਿਖਦੇ ਹਨ, "ਜੋ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਨੂੰ ਆਪਣੇ ਇੱਕ ਇੱਕ ਵਾਕ ਵਿੱਚੋਂ ਕੇਵਲ ਤਾਜ਼ਾ ਹੀ ਨਹੀਂ ਕਰਦਾ ਸਗੋਂ ਬਿਰਹੋਂ ਦੀ ਮੱਧਮ ਹੋ ਰਹੀ ਅੱਗ ਨੂੰ ਇਤਨਾ ਪ੍ਰਚੰਡ ਕਰਦਾ ਹੈ ਜਿਸ ਨਾਲ ਕਿਸੇ ਵੇਲੇ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪੰਜਾਬ ਵਲੋਂ ਉਪਰਾਮ ਹੋਇਆ ਹਿਰਦਾ ਨਾਮਧਾਰੀ ਸੰਗਤ ਨੂੰ ਦਰਸ਼ਨ ਦੇਣ ਲਈ ਪੰਘਰ ਸਕਦਾ ਹੈ।"

ਇਹ ਬਾਰਾਂਮਾਹ ਨਾਮਧਾਰੀਆਂ ਦੇ ਵੈਰਾਗ ਦੀ ਅਵਸਥਾ ਨੂੰ ਪੇਸ਼ ਕਰਦਾ ਹੈ। ਇਸ ਅਨੁਸਾਰ ਪ੍ਰੀਤਮ ਦੇ ਦੀਦਾਰ ਬਾਝੋਂ ਸਾਵਣ ਦੇ ਮਹੀਨੇ ਵੀ ਚੰਗੇ ਨਹੀਂ ਲਗਦੇ। ਫੱਗਣ ਦੇ ਮਹੀਨੇ ਵਿੱਚ ਮਨਚੰਦਾ ਜੀ ਪੰਜਾਬੀ ਦੀ ਥਾਂ ਹਿੰਦੀ ਨੂੰ ਆਪਣੇ ਵਿਚਾਰ ਪ੍ਰਵਾਹ ਦੀ ਪ੍ਰਬਲਤਾ ਪੇਸ਼ ਕਰਨ ਲਈ ਅਪਣਾਉਂਦੇ ਹਨ। ਉਹ ਸੁੰਨੀ ਅਯੁਧਿਆ ਵਿੱਚ ਰਾਮ ਅਤੇ ਗੋਪੀਆਂ ਲਈ ਸ਼ਾਮ ਦੇ ਪਰਤਣ ਵਾਂਗ, ਆਪਣੇ ਪ੍ਰਾਣ ਨਾਥ, ਗੁਰੂ ਰਾਮ ਸਿੰਘ ਦੀ ਉਡੀਕ ਕਰਦੇ ਹਨ।

ਚਤਰ ਸਿੰਘ ਜੀ 'ਬੀਰ' ਕੌਮੀ ਪੱਧਰ ਦੇ ਪ੍ਰਸਿੱਧ ਪੰਜਾਬੀ ਕਵੀ ਹਨ। ਉਹਨਾਂ ਦੀ ਕਵਿਤਾ ਦੇ ਨਾਲ ਨਾਲ ਉਹਨਾਂ ਦੀਆਂ ਗ਼ਜ਼ਲਾਂ ਦੀ



Sri Satguru Jagjit Singh Ji Elibrary NamdhariElibrary@gmail.com

ਪੰਜਾਬੀ ਪਾਠਕਾਂ ਵਿੱਚ ਚਰਚਾ ਹੈ। ਝਾਂਜਰ ਛਣਕ ਪਈ, ਡੁੱਬਦੇ ਪੱਥਰ ਤਾਰੇ, ਮੈਂ ਵੀ ਹਾਜ਼ਰ ਹਾਂ, ਅਸੀਂ ਕੌਣ ਹਾਂ, ਇਹਨਾਂ ਦੀਆਂ ਪ੍ਰਸਿਧ ਕਾਵਿ ਪੁਸਤਕਾਂ ਹਨ। 'ਬੀਰ' ਜੀ ਦਾ ਜਨਮ ਸੰਨ ੧੯੨੫ ਵਿੱਚ ਸ: ਕਰਮ ਸਿੰਘ ਜੀ ਦੇ ਘਰ ਪਿੰਡ ਚੌਤਾਲਾ (ਅੰਮ੍ਰਿਤਸਰ) ਵਿਖੇ ਹੋਇਆ। ਦਿੱਲੀ ਵਿੱਚ ਆਪ ਪੰਜਾਬੀ ਦੇ ਸਭ ਤੋਂ ਪਹਿਲੇ ਅਧਿਅਪਕ ਸਨ। ਉਹ ੧੯੮੫ ਵਿੱਚ ਵਾਇਸ ਪ੍ਰਿੰਸੀਪਲ ਦੀ ਪਦਵੀ ਤੇ ਸੇਵਾ ਮੁਕਤ ਹੋਏ ਹਨ।

'ਬੀਰ' ਜੀ ਦੀ ਕਵਿਤਾ ਵਿੱਚ ਗੁਰੂ ਘਰ ਪ੍ਰਤੀ ਸ਼ਰਧਾ ਅਤੇ ਸਤਿਕਾਰ ਹੁੰਦਾ ਹੈ। ਉਹਨਾਂ ਦੀ ਧਾਰਮਿਕ ਕਵਿਤਾ ਵਿੱਚੋ ਸਾਹਿਤਕ ਰੰਗ ਵੀ ਮਿਲਦਾ ਹੈ।

ਉਹਨਾਂ ਦਾ ਬਾਰਾਂਮਾਹ ਦੋਹਿਰਿਆਂ ਵਿੱਚ ਹੈ। ਇਹ ਬਾਰਾਂਮਾਹ ਸਾਦੀ, ਸਰਲ, ਸਾਹਿਤਕ ਭਾਸ਼ਾ ਦੀ ਵੰਨਗੀ ਹੈ। ਕਵਿਤਾ ਵਿੱਚ ਰਵਾਨੀ ਹੈ। 'ਬੀਰ' ਜੀ ਨੇ 'ਰਾਮ ਵਿਯੋਗੀਆਂ ਦੇ ਬਾਰਾਂਮਾਹ' ਦੀ ਛਪਾਈ ਦੇ ਕੰਮ ਵਿੱਚ ਮਦਦ ਕਰਦਿਆਂ, ਪਹਿਲੇ ਛੇ ਬਾਰਾਂਮਾਹ ਤੋਂ ਪ੍ਰਭਾਵਤ ਹੋ ਕੇ, ਇਸ ਦੀ ਰਚਨਾ ਕੀਤੀ ਹੈ।

ਇਸ ਪੁਸਤਕ ਦੇ ਪਹਿਲੇ ਤਿੰਨ ਬਾਰਾਂਮਾਹ ਅਤੇ ਮਨਚੰਦਾ ਜੀ ਦਾ ਬਾਰਾਂਮਾਹ ਸਤਿਜੁੱਗ ਵੱਲੋਂ ੧-ਪੋਹ ੨੦੨੫ (੧੯੬੮ ਈ.) ਨੂੰ ਪੁਸਤਕ ਰੂਪ ਵਿੱਚ ਪ੍ਰਕਾਸ਼ਤ ਕੀਤੇ ਜਾ ਚੁੱਕੇ ਹਨ।

ਉਹ ਪੁਸਤਕ ਖ਼ਤਮ ਹੋਣ ਪਿੱਛੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਾਰਾਂਮਾਹ ਦੁਬਾਰਾ ਛਾਪਣ ਦਾ ਹੁਕਮ ਕੀਤਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਸੰਬੰਧੀ ਰਚੇ ਹੋਰ ਤਿੰਨ ਬਾਰਾਂਮਾਹ ਪ੍ਰਕਾਸ਼ਤ ਕਰਨ ਦੀ ਪ੍ਰਵਾਨਗੀ ਦੇਣ ਦੀ ਕਿਰਪਾ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਕੀਤੀ। ਸੋ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਬਾਰਾਂਮਾਹ, 'ਰਾਮ ਵਿਯੋਗੀਆਂ



Sri Satguru Jagjit Singh Ji Elibrary NamdhariElibrary@gmail.com

ਦੇ ਬਾਰਾਂਮਾਹ' ਨਾਮ ਹੇਠ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ।

ਇਨ੍ਹਾਂ ਦੇ ਪ੍ਰਕਾਸ਼ਨ ਵਿੱਚ ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਸ. ਹਰਵਿੰਦਰ ਸਿੰਘ ਹੰਸਪਾਲ ਸਾਬਕਾ ਐਮ. ਪੀ. ਨੇ ਖਾਸ ਰੁਚੀ ਵਿਖਾਈ ਹੈ। ਇਹ ਪੁਸਤਕ ਹੀ ਨਹੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਉਹਨਾਂ ਨੇ ਸਪਤਾਹਿਕ ਸਤਿਜੁੱਗ, ਗੁਰਬਾਣੀ ਦੇ ਗੁਟਕੇ ਕਲੰਡਰ, ਤਸਵੀਰਾਂ, ਬਹੁਤ ਸਾਰੀਆਂ ਪੁਸਤਕਾਂ ਦਿੱਖ ਤੇ ਦੱਖ ਦੇ ਪੱਖੋਂ ਅਤੇ ਉਹਨਾਂ ਵਿਚਲੇ ਵਿਸ਼ੇ-ਵਸਤੂ ਦੇ ਪੱਖੋਂ ਐਡੀਆਂ ਵਧੀਆ ਪ੍ਰਕਾਸ਼ਿਤ ਕੀਤੀਆਂ ਹਨ ਕਿ ਵੇਖ ਕੇ ਭੁੱਖ ਲਹਿੰਦੀ ਹੈ, ਪੜ੍ਹ ਕੇ ਨਵੇਂ ਗਿਆਨ ਦਾ ਸੰਚਾਰ ਹੁੰਦਾ ਲਗਦਾ ਹੈ, ਸਮਝਕੇ ਆਪਣੇ ਆਪ ਨੂੰ ਚੰਗੇਰਾ ਚੰਗੇਰਾ ਸਮਝੀਦਾ ਹੈ ਅਤੇ ਦੂਜਿਆਂ ਨੂੰ ਭੇਟ ਕਰਕੇ ਮਾਣ ਮਹਿਸੂਸ ਕਰੀਦਾ ਹੈ।

ਰਾਮ ਵਿਯੋਗੀਆਂ ਦੇ ਬਾਰਾਂਮਾਹ ਆਮ ਪਾਠਕਾਂ ਲਈ ਹੀ ਨਹੀਂ, ਪਰਚਾਰਕਾਂ ਅਤੇ ਸਿਖਿਆਰਥੀਆਂ ਲਈ ਵਧੀਆ, ਇਤਿਹਾਸਕ ਕਾਵਿ ਨਮੂਨੇ ਦਾ ਸੰਗ੍ਰਹਿ ਹੈ। ਪਾਠਕ ਇਸ ਨੂੰ ਪੜ੍ਹਕੇ ਪ੍ਰਦੇਸੀ ਪ੍ਰੀਤਮ ਪ੍ਰਤੀ ਆਪਣੀ ਸ਼ਰਧਾ ਵਧਾ ਸਕਣਗੇ ਐਸੀ ਮੈਨੂੰ ਆਸ ਹੈ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਿਰਪਾ ਕਰਨ ਅਤੇ ਉੱਚ ਪੱਧਰੀ ਨਾਮਧਾਰੀ ਸਾਹਿਤਕ ਅਤੇ ਇਤਿਹਾਸਕ ਸਾਮਗਰੀ ਪ੍ਰਕਾਸ਼ਿਤ ਕਰਨ ਦਾ ਬਲ ਬਖਸ਼ੀ ਰੱਖਣ।

ਏ-੧੧੦, ਜਨਤਾ ਕਲੋਨੀ,
ਨਵੀਂ ਦਿੱਲੀ। ਤਾਰਾ ਸਿੰਘ ਅਨਜਾਣ
੨੩ ਨਵੰਬਰ, ੧੯੯੪.



Sri Satguru Jagjit Singh Ji Elibrary NamdhariElibrary@gmail.com

# ਬਾਰਾਂਮਾਹ

ਬਾਬਾ ਚੰਦਾ ਸਿੰਘ ਨਾਮਧਾਰੀ

ਬਾਬਾ ਜੀ ਦੀ ਜਾਣਕਾਰੀ

ਉਹਨਾਂ ਦੇ ਆਪਣੇ

ਸ਼ਬਦਾਂ ਵਿਚ

ਦੋਹਿਰਾ

ਚੰਦਾ ਸਿੰਘ ਸੂਰਮਾ ਰਹੇ ਸਹਾਰਨ,
ਦੀਵਾਨ ਸਿੰਘ ਕੇ ਪਾਸ।।
ਬਾਰਾਂ ਮਾਹ ਸ੍ਰੀ ਸਤਿਗੁਰੂ ਕਾ,
ਮਾਨੇ ਗੁਰੂ ਬਿਲਾਸ।।
ਗੁਰੂ ਚਰਨਾਂ ਦੀ ਟੇਕ ਹੈ,
ਹੋਰ ਨਾ ਕੋਈ ਆਸ।।
ਗੁਰ ਸੰਗਤ ਭੁਲ ਚੁਕ ਬਖਸ਼ ਲੈ,
ਜਾਨ ਦਾਸਾਂ ਦਾ ਦਾਸ।।



Sri Satguru Jagjit Singh Ji Elibrary NamdhariElibrary@gmail.com

ੴ
# ਸਤਿਗੁਰ ਪ੍ਰਸਾਦਿ।

### ਦੋਹਿਰਾ

ਨਮਸਕਾਰ ਸਤਿਗੁਰਾਂ ਕੋ ਕਰਾਂ,
ਚਰਨੀ ਸੀਸ ਨਿਵਾਇ।
ਬਾਰਾਂ ਮਾਹ ਸ੍ਰੀ ਸਤਿਗੁਰੂ ਕਾ ਉਚਰੋਂ,
ਮੁਹਿ ਪਹਿ ਹੋਇ ਸਹਾਇ।੧।

### ਦੋਹਿਰਾ

ਗਣ ਪਤ ਗੌਰਾਂ ਸਾਰਦਾ,
ਸਰਨ ਗੁਰਾਂ ਕੀ ਲੇਹਿ।
ਨਾਨਕ ਨਿਹਫਲ ਜਾਤ ਹੈ,
ਭਜਨ ਬਿਨਾ ਜੋ ਦੇਹਿ। ੨।

### ਦੋਹਿਰਾ

ਹਜਰੋ ਸ਼ਹਿਰ ਸੁਹਾਵਣਾ,
ਸ੍ਰੀ ਸਤਿਗੁਰ ਲੀਆ ਅਵਤਾਰ।



Sri Satguru Jagjit Singh Ji Elibrary NamdhariElibrary@gmail.com

ਜੋ ਨਰ ਦਰਸ਼ਨ ਪਾਂਵਦੇ.
ਸੋ ਭਉਜਲ ਉਤਰੇ ਪਾਰ । ੩।

**ਦੋਹਿਰਾ**

ਜਗ ਮਗ ਜੋਤ ਬਰਾਜੀਆ,
ਰਾਮ ਦਾਸ ਪੁਰੇ ਹਜ਼ੂਰ।
ਜੋ ਨਰ ਸਰਨੀ ਜਾ ਪਏ,
ਉਧਰੇ ਜਾਨ ਜ਼ਰੂਰ। ੪।

## ਚੇਤਰ

**ਚਉਪਈ**

ਚੜ੍ਹਦੇ ਚੇਤ੍ਰ ਚਿਤ ਉਦਾਸ,
ਚਲੀਏ ਸਤਿਗੁਰਾਂ ਦੇ ਪਾਸ,
ਕਰੀਏ ਹੱਥ ਜੋੜ ਅਰਦਾਸ,
ਸਾਨੂੰ ਰੱਖੇ ਆਪਣੇ ਪਾਸ,
ਦੇਹੋ ਚਰਨਾ ਵਿਚ ਨਿਵਾਸ,
ਮੈਂ ਔਗੁਣ ਹਾਰੀਆਂ।



Sri Satguru Jagjit Singh Ji Elibrary NamdhariElibrary@gmail.com

ਜਦ ਮੈਂ ਹੋ ਵਿਰਾਗਣ ਚੱਲੀ,
ਚਰਖੇ ਤੰਦ ਨਾ ਲਾਹੀ ਛੱਲੀ,
ਘਰ ਤੋਂ ਤੁਰਕੇ ਭਈ ਅਕੱਲੀ,
ਮੈਨੂੰ ਲੋਕ ਆਖਦੇ ਝੱਲੀ,
ਕਿਸੇ ਦੀ ਗੱਲ ਨਾ ਲਗਦੀ ਭੱਲੀ,
ਮੈਂ ਬਲਿਹਾਰੀਆਂ।

ਸਤਿਗੁਰ ਮੇਰਾ ਦੀਨ ਦਇਆਲ,
ਲੱਧਾ ਰਾਮ ਦਾਸ ਪੁਰੇ ਵਿਚ ਭਾਲ,
ਦੇ ਕੇ ਸ਼ਬਦ ਤੇ ਕਰੇ ਨਿਹਾਲ,
ਕੱਟੇ ਜਨਮ ਮਰਨ ਦੇ ਜਾਲ,
ਮੈਂ ਸਤਿਗੁਰ ਤਾਰੀਆਂ।

ਸੁਣ ਲਓ ਸੰਤ ਜਨਾਂ ਗਲ ਹੋਰ,
ਮੈਨੂੰ ਭਜਨ ਲੈਣ ਦੀ ਲੋੜ,
ਤਾਂ ਮੈਂ ਪਹੁੰਚੀ ਸਤਿਗੁਰ ਕੋਲ,
ਲਿਆ ਭਜਨ ਮੈਂ ਕਰ ਕੇ ਜੋਰ,
ਘਰ ਵਿਚ ਰਹੇ ਹਮੇਸ਼ਾਂ ਸ਼ੋਰ,
ਸੱਸ ਕਢੇਂਦੀ ਮੰਦੇ ਬੋਲ,
ਨੀ ਤੈਂ ਜਾਣਾ ਕੂਕਿਆਂ ਕੋਲ,
ਇਹ ਮਿਹਣੇ ਮਾਰਦੀ।੧॥



Sri Satguru Jagjit Singh Ji Elibrary NamdhariElibrary@gmail.com

## ਵੈਸਾਖ

### ਦੋਹਿਰਾ

ਚੇਤ ਮਹੀਨਾ ਬੀਤਿਆ,
ਚੜ੍ਹਿਆ ਮਾਹਿ ਵਿਸਾਖ।
ਸਿੱਖਾਂ ਦੇ ਮਨ ਸ਼ਾਦੀਆਂ,
ਘਰ ਘਰ ਸ਼ਬਦ ਨਿਵਾਸ।

ਅਗੋ ਵਿਸਾਖ ਮਹੀਨਾ ਚੜ੍ਹਦੇ,
ਸਿੰਘ ਆਹਰ ਭੋਗ ਦਾ ਕਰਦੇ,
ਸਿੰਘਾਂ ਦੇ ਵਲ ਲਿਖਦੇ ਪੜ੍ਹਦੇ,
ਸਾਨੂੰ ਜਾਣੋ ਆਪਣੇ ਬਰਦੇ,
ਦਰਸ਼ਨ ਦੇਹੋ ਕਿਰਪਾ ਕਰਕੇ,
ਆਉਣਾ ਜਸ ਗੁਰਾਂ ਦਾ ਪੜ੍ਹਦੇ,
ਪਾਵਣ ਭੋਗ ਕੜਾਹ ਕਰਦੇ,
ਨਾਲੇ ਖੇਡਦੇ।

ਸਿੰਘ ਘਰ ਘਰ ਭੋਗ ਪੁਆਵਣ,
ਸੰਗਤਾਂ ਦਰਸ਼ਨ ਨੂੰ ਚਲ ਆਵਣ,
ਰਾਗੀ ਸੋਹਣੇ ਸ਼ਬਦ ਸੁਨਾਵਣ,
ਸਿੰਘ ਹੋ ਮਸਤਾਨੇ ਜਾਵਣ,



Sri Satguru Jagjit Singh Ji Elibrary NamdhariElibrary@gmail.com

ਖੁਲ੍ਹੇ ਕੇਸ ਤੇ ਛਾਲੀ ਲਾਵਣ,
ਮੇਰੇ ਸਤਿਗੁਰ ਦੇ ਮਨ ਭਾਵਣ,
ਜਦੋਂ ਉਹ ਲੇਟਦੇ।

ਦਰਸ਼ਨ ਕਰਨ ਬਡੇ ਜਨ ਭਾਗੀ,
ਜੋਹਤੇ ਹੈਸਨ ਬਹੁਤ ਤਿਆਗੀ,
ਜਿਨ੍ਹਾਂ ਨੂੰ ਚੋਟ ਸ਼ਬਦ ਦੀ ਲਾਗੀ,
ਮਨ ਵਿਚ ਚਾਹ ਦਰਸ਼ਨ ਦੀ ਜਾਗੀ,
ਉਹ ਦਰਸ਼ਨ ਦੇਖਦੇ।

ਸੁਣ ਭਾਈ ਚੰਦਾ ਸਿੰਘ ਦੀ ਕਹਿਣੀ,
ਗੁਰ ਰਾਮ ਦਾਸ ਪੁਰੇ ਵਿਚ ਰਹਿਣੀ,
ਚਲਕੇ ਦਰਸ਼ਨ ਦੇਖੀਏ ਨੈਣੀ,
ਸਤਿਗੁਰ ਸ਼ਬਦ ਸੁਣਾਉਂਦੇ ਬੈਣੀ,
ਤਾਂਹੀਏਂ ਠੰਡ ਕਲੇਜੇ ਪੈਣੀ,
ਕੰਮ ਵਿਸੇਖ ਇਹ ।੨।

## ਜੇਠ

### ਦੋਹਿਰਾ

ਜੇਠ ਮਹੀਨੇ ਲਿਖਿਆ,
ਬਹਿ ਗੋਰੇ ਨੰਦਨ ਵੱਲ।



Sri Satguru Jagjit Singh Ji Elibrary NamdhariElibrary@gmail.com

ਇਹ ਸਿੰਘ ਬਾਝ ਅਕਾਲ ਦੇ,
ਹੋਰ ਨਾ ਕਰਦੇ ਗੱਲ।

ਚੜ੍ਹਦੇ ਜੇਠ ਧੁੱਪ ਕੁਵਾਹੀ,
ਪ੍ਰਬਲ ਤੀਛਣ ਵਣੀ ਕਪਾਹੀ,
ਗੋਰੇ ਬਹਿ ਬਹਿ ਕਰਨ ਸਲਾਹੀ,
ਇਹ ਸਿੰਘ ਸਾਥੋਂ ਡਰਦੇ ਨਾਹੀ,
ਜੇਹੜੇ ਹੋ ਮਸਤਾਨੇ ਜਾਹੀ,
ਕੂਕਾਂ ਮਾਰਨ ਵਿਚ ਚੁਰਾਹੀਂ,
ਇਨ੍ਹਾਂ ਨੂੰ ਖੌਫ ਕਿਸੇ ਦਾ ਨਾਹੀ,
ਬਾਝ ਅਕਾਲ ਦੇ।

ਸਤਿਗੁਰ ਅੰਮ੍ਰਿਤਸਰ ਜੀ ਆਵਣ,
ਅਗੋਂ ਗੋਰੇ ਬਾਓ ਹੁੰਝਾਵਣ,
ਸਿੰਘ ਜਾ ਕੇ ਆਸਣ ਲਾਵਣ,
ਸੰਗਤਾਂ ਗੁਰ ਦੇ ਦਰਸ਼ਨ ਪਾਵਨ,
ਟੇਕਣ ਮੱਥੇ ਦਰਬ ਚੜ੍ਹਾਵਣ,
ਸਤਿਗੁਰ ਕੰਨ ਵਿਚ ਭਜਨ ਸੁਨਾਵਣ,
ਕਿਰਪਾ ਧਾਰਦੇ।

ਸਤਿਗੁਰ ਆਪ ਹੁਕਮ ਚੜ੍ਹਾਏ,
ਸੰਗਤ ਸਭ ਅਕਾਲ ਬੁਲਾਏ,



Sri Satguru Jagjit Singh Ji Elibrary NamdhariElibrary@gmail.com

ਗੋਰਾ ਮੂੰਹ ਵਿਚ ਉਂਗਲ ਪਾਏ,
ਸਾਡਾ ਧੜਕ ਕਲੇਜਾ ਜਾਏ,
ਐਸਾ ਕੌਣ ਅਕਾਲ ਹਟਾਏ,
ਇਹ ਗਲ ਭਾਲਦੇ।

ਚੰਦਾ ਸਿੰਘ ਗੁਰ ਤੋਂ ਬਲਿਹਾਰੀ,
ਜਿਸ ਨੇ ਅਚਰਜ ਕਲਾ ਦਿਖਾਰੀ,
ਨਿੰਦਿਆ ਕਰਦੇ ਸਭ ਪੁਜਾਰੀ,
ਉਨ੍ਹਾਂ ਦੀ ਮਤ ਪੂਜਾ ਨੇ ਮਾਰੀ,
ਕਦੀ ਆਊ ਉਨ੍ਹਾਂ ਦੀ ਵਾਰੀ,
ਜਾਂ ਵਸ ਪੈਣ ਦਿਆਲ ਦੇ।

## ਹਾੜ

### ਦੋਹਿਰਾ

ਜੇਠ ਮਹੀਨਾ ਗੁਜ਼ਰਿਆ,
ਘਾਮ ਕੀਆ ਪਰਵੇਸ਼।
ਗੁਰ ਰਹਿਤ ਬਤਾਈ ਖਾਲਸੇ,
ਇਸ਼ਨਾਨ ਕਰੋ ਸਣਕੇਸ।



Sri Satguru Jagjit Singh Ji Elibrary NamdhariElibrary@gmail.com

ਚੜ੍ਹਦੇ ਹਾੜ ਧੁੱਪ ਦਾ ਜ਼ੋਰ,
ਜਾਂਦੇ ਸਿੰਘ ਸਿੰਘਾਂ ਦੇ ਕੋਲ,
ਅਗੋਂ ਪਿਆਵਣ ਸ਼ਰਬਤ ਘੋਲ,
ਪੜ੍ਹਦੇ ਸ਼ਬਦ ਵਜਾਵਣ ਢੋਲ,
ਮੁਖ ਥੀਂ ਬੋਲਣ ਅੰਮ੍ਰਿਤ ਬੋਲ,
ਉਹ ਰੰਗ ਬਣਾਂਵਦੇ।

ਵੱਜੇ ਢੋਲਕ ਛੈਣੇ ਖੜਕਣ,
ਹੱਲੇ ਦੇ ਸ਼ਬਦ ਕਲੇਜੇ ਰੜਕਣ,
ਬੀਬੀਆਂ ਵਾਂਗ ਕਬੂਤਰ ਫਟਕਣ,
ਕਰਦੀਆਂ ਨਿਰਤ ਪੈਰ ਨਹੀਂ ਅਟਕਣ,
ਖੁਲ੍ਹੇ ਕੇਸ ਗਲੇ ਵਿਚ ਲਟਕਣ,
ਸੋਭਾ ਪਾਂਵਦੇ।

ਵਿੱਚ ਪ੍ਰੇਮੀ ਸਿੰਘ ਵੀ ਆਵਣ,
ਪੱਖੇ ਝਲਣ ਪਾਣੀ ਪਿਆਵਣ,
ਮੁਠੀਆਂ ਭਰਨ ਥਕੇਵੇਂ ਲਾਹਵਣ,
ਬਰਤਨ ਮਾਂਜਣ ਟਹਿਲ ਕਮਾਵਣ,
ਸੋਭਾ ਸੰਗਤ ਦੇ ਵਿਚ ਪਾਵਣ,
ਜਾਂ ਹਰ ਗੁਣ ਗਾਂਵਦੇ।



Sri Satguru Jagjit Singh Ji Elibrary NamdhariElibrary@gmail.com

ਸੁਣ ਭਾਈ ਚੰਦਾ ਸਿੰਘ ਗਲ ਇਹ,
ਚਲਕੇ ਸਰਣ ਗੁਰਾਂ ਦੀ ਲੋਹ,
ਸਤਿਗੁਰ ਨਾਮ ਪਦਾਰਥ ਦੇਹਿ,
ਭਜਨ ਬਿਨ ਬਿਰਥਾ ਜਾਂਦੀ ਦੇਹ,
ਏਹਾ ਗਲ ਚਾਂਹਵੰਦੇ।

## ਸਾਵਣ

### ਦੋਹਿਰਾ

ਹਾੜ ਮਹੀਨਾ ਬੀਤਿਆ,
ਰੁਤ ਸਾਵਣ ਦੀ ਆਈ।
ਗੁਰ ਹੁਕਮ ਚੜ੍ਹਾਇਆ ਖਾਲਸੇ,
ਕਛ ਪਹਿਨੋ ਬੀਬੀ ਮਾਈ।

ਅਗੇ ਸਾਵਣ ਮਹੀਨੇ ਚੜ੍ਹਦੇ,
ਗੋਰੇ ਬਹਿਕੇ ਕੌਂਸਲ ਕਰਦੇ,
ਸਾਡੇ ਚਿਤ ਗੁਰਾਂ ਤੋਂ ਡਰਦੇ,
ਇਹ ਸਿੰਘ ਹੋਰ ਸ਼ਰਾਬੇ ਕਰਦੇ,
ਸਤਿਗੁਰ ਬਹਿ ਜਾਵੇ ਵਿਚ ਘਰਦੇ,
ਗੋਰਾ ਆਖਦਾ।



Sri Satguru Jagjit Singh Ji Elibrary NamdhariElibrary@gmail.com

ਗੋਰੇ ਬਚਨ ਏਤਨਾ ਕਹਿਆ,
ਸਤਿਗੁਰਾਂ ਸਤਿ ਬਚਨ ਮੰਨ ਲਇਆ,
ਜਿਹੜਾ ਨਿਵਿਆ ਸੋ ਜਿਣ ਗਇਆ,
ਕਿਹੜਾ ਫਿਕਰ ਤੁਹਾਨੂੰ ਪਇਆ,
ਜਿਹੜਾ ਲਿਖਿਆ ਕਦੇ ਨਾ ਰਹਿਆ,
ਹੁਕਮ ਅਕਾਲ ਦਾ।

ਹੋਇਆ ਕੰਸ ਰਾਜਾ ਅਉਤਾਰੀ,
ਉਸਨੇ ਭੈਣ ਕੈਦ ਕਰ ਡਾਰੀ,
ਜੰਮੇ ਲੜਕਾ ਲੜਕੀ ਮਾਰੀ,
ਨਜੂਮੀਆਂ ਕਹੀ ਹਕੀਕਤ ਸਾਰੀ,
ਬਿਜਲੀ ਹੋਇ ਗਗਨ ਚਮਕਾਰੀ,
ਹੋਇਆ ਕ੍ਰਿਸ਼ਨ ਚੰਦ ਔਤਾਰੀ,
ਕੰਸ ਪਛਾੜਦਾ।

ਸੁਣ ਭਾਈ ਚੰਦਾ ਸਿੰਘ ਗਲ ਸਾਰ,
ਸਤਿਗੁਰ ਆ ਬੈਠੇ ਘਰ ਬਾਰ,
ਸੂਬੇ ਕੀਤੇ ਸਭ ਤਿਆਰ,
ਜਿਹੜੇ ਆਦਿ ਅੰਤ ਦੇ ਯਾਰ,
ਜੁਗ ਜੁਗ ਧਾਰਨ ਨਾਲ ਔਤਾਰ,
ਦਿੱਤੇ ਸਭ ਦੇਸਾਂ ਤੇ ਚਾਹੜ,



Sri Satguru Jagjit Singh Ji Elibrary NamdhariElibrary@gmail.com

ਜਾ ਕੇ ਆਵੇ ਕਾਜ ਸਵਾਰ,
ਕਿਰਤ ਕਰਤਾਰ ਦੀ।

## ਭਾਦਰੋਂ

### ਦੋਹਿਰਾ

ਸਾਵਣ ਸਹਿਜੇ ਗੁਜ਼ਰਿਆ,
ਰੁੱਤ ਭਾਦਰੋਂ ਦੀ ਆਈ।
ਗੁਰ ਕਰਨ ਕਾਰਨ ਸਮਰੱਥ ਹੈ,
ਭੁੱਲੀ ਫਿਰੇ ਲੁਕਾਈ।

ਭਾਦਰੋਂ ਭਰਮ ਕੀਤਾ ਗੁਰ ਦੂਰ,
ਪਹੁਤੇ ਸਤਿਗੁਰ ਪਾਸ ਹਜ਼ੂਰ,
ਕੀਤੀ ਟਹਿਲ ਪਈ ਮਨਜ਼ੂਰ,
ਬਖਸ਼ੀ ਰਿੱਧ ਸਿੱਧ ਭਰਪੂਰ,
ਆਪਣੇ ਖਾਲਸੇ।

ਇਕ ਬਿਹੰਗਮ ਸਿੰਘ ਬਣਾਏ,
ਸਾਰਿਆਂ ਨਗਰਾਂ ਵਿਚ ਬਿਠਾਏ,
ਸ਼ਬਦ ਬਾਣੀਆਂ ਕੰਠ ਕਰਾਏ,
ਸਤਿਗੁਰ ਘਰ ਘਰ ਲੰਗਰ ਲਾਏ,



Sri Satguru Jagjit Singh Ji Elibrary NamdhariElibrary@gmail.com

ਭੁੱਖਾ ਨੰਗਾ ਕੋਈ ਨਾ ਜਾਏ,
ਦੇਖ ਬਿਚਾਰਕੇ।

ਇਕ ਨਿੰਦਕ ਨਿੰਦਾ ਕਰਦੇ,
ਬੰਨ੍ਹ ਬੰਨ੍ਹ ਪੰਡ ਸਿਰਾਂ ਤੇ ਧਰਦੇ,
ਜਿਹੜੇ ਬੜੇ ਬੜੇ ਸਿਰਕਰਦੇ,
ਚੁਗਲੀਆਂ ਜਾ ਸਰਕਾਰੇ ਕਰਦੇ,
ਲੇਖਾ ਧਰਮ ਰਾਏ ਦਾ ਭਰਦੇ,
ਉਹ ਨਰਕ ਸਿਧਾਰਦੇ।

ਸੁਣ ਭਾਈ ਚੰਦਾ ਸਿੰਘ ਨਿਦਾਨੇ,
ਸਿੰਘ ਹੁੰਦੇ ਬਹੁ ਮਸਤਾਨੇ,
ਜਿਹੜੇ ਗੁੱਝੇ ਭਜਨ ਕਮਾਂਦੇ,
ਇਕ ਜਾ ਬਾਹਰ ਸਮਾਧਾਂ ਲਾਂਦੇ,
ਇਕ ਸੋਹਨ ਹਰ ਗੁਣ ਗਾਂਦੇ,
ਮੈਂ ਕਿਆ ਜਾਣਾ ਕਿਹੜੇ ਭਾਂਦੇ,
ਓਸ ਅਕਾਲ ਨੂੰ।



Sri Satguru Jagjit Singh Ji Elibrary NamdhariElibrary@gmail.com

## ਅੱਸੂ

### ਦੋਹਿਰਾ

ਅੱਸੂ ਅਸੀਂ ਪਛਾਣਿਆ,
ਗੁਰ ਪੂਰਨ ਅਵਤਾਰ।
ਗੁਰ ਧਰਮ ਚਲਾਇਆ ਜਗਤ ਵਿਚ,
ਹੋਵਨ ਜੈ ਜੈ ਕਾਰ।

ਅੱਸੂ ਆਸ ਗੁਰਾਂ ਦੀ ਰੱਖੀ,
ਨਿਤ ਮੈਂ ਦਰਸਨ ਦੇਖਾਂ ਅੱਖੀਂ
ਸਤਿਗੁਰ ਨਾਮ ਪਦਾਰਥ ਦਿੱਤਾ,
ਬੈਠ ਕਿਨਾਰੇ ਚੱਖੀਂ,
ਕੀ ਪਰਵਾਹ ਕਿਸੇ ਦੀ ਓਹਨਾਂ,
ਗੁਰੂ ਜਿਨ੍ਹਾਂ ਦਾ ਪੱਖੀ,
ਸਤਿਗੁਰ ਬਿਰਦ ਤੁਮਾਰਾ ਕਹੀਏ,
ਲਾਜ ਬਿਰਦ ਦੀ ਰੱਖੀ,
ਬਿਰਦ ਬੀਚਾਰਕੇ।

ਸਤਿਗੁਰ ਕਮਰ ਕੱਸਾ ਜਦ ਕਰਦੇ,
ਆਸਣ ਚੀਨੀ ਉੱਤੇ ਧਰਦੇ,
ਅੱਗੇ ਸਿੰਘ ਅੜਦਲਾਂ ਕਰਦੇ,



Sri Satguru Jagjit Singh Ji Elibrary NamdhariElibrary@gmail.com

ਮਾਨੋ ਰਵਿ ਸਸਿ ਦੋਨੋ ਡਰਦੇ,
ਮਸਤਾਨੇ ਹੱਥ ਸਲੋਤਰ ਫੜਦੇ,
ਜਿਉਂ ਕਪ ਰਾਮ ਚੰਦ ਦੇ ਚੜ੍ਹਦੇ,
ਲੰਕਾ ਮਾਰਨੇ।

ਸਤਿਗੁਰ ਚੀਨੀ ਦੇ ਹੁੰਦੇ ਅਸਵਾਰ,
ਸੂਬੇ ਸੋਭਾ ਪਾਵਣ ਨਾਲ,
ਚੜ੍ਹਦੀ ਜਿਉਂ ਹੰਸਾਂ ਦੀ ਡਾਰ,
ਸੋਹੇ ਚੰਦ ਜਿਵੇਂ ਪਰਵਾਰ,
ਫੌਜਾਂ ਸੋਹਨ ਜਿਵੇਂ ਸਰਦਾਰ,
ਐਸਾ ਕਵਣ ਜੋ ਕਰੈ ਬੀਚਾਰ,
ਏਸ ਅਵਤਾਰ ਦੀ।

ਸੁਣ ਭਾਈ ਚੰਦਾ ਸਿੰਘ ਗੁਰ ਭਾਈ,
ਸਤਿਗੁਰ ਸੰਗਤ ਆਪ ਬਣਾਈ,
ਸਾਜੇ ਚਾਰ ਵਰਨ ਦੇ ਭਾਈ,
ਗਲ ਮਾਲਾ ਸੀਸ ਖੰਡਾ ਸੋਭਾ ਪਾਈ,
ਜਿਓਂ ਭਾਲ ਸ਼ਿਵਾਂ ਦੇ ਚੰਦ ਸੁਹਾਈ,
ਗੁਰ ਕੀ ਮਹਿਮਾ ਬਰਨ ਨਾ ਜਾਈ,
ਅਪਰ ਅਪਾਰ ਦੀ।



Sri Satguru Jagjit Singh Ji Elibrary NamdhariElibrary@gmail.com

# ਕੌਤਕ

## ਦੋਹਿਰਾ

ਗੁਰ ਧਰਮ ਰਖਣ ਦੇ ਵਾਸਤੇ,
ਜੁਗ ਜੁਗ ਲਏ ਅਵਤਾਰ।
ਚੁਗਲ ਨਿੰਦਕ ਚੁਣ ਮਾਰਨੇ,
ਕਰਨੇ ਅਸੁਰ ਸੰਘਾਰ।

ਕੌਤਕ ਕਰਮ ਧਰਮ ਗੁਰ ਲਾਏ,
ਭੁੱਲੇ ਜਾਂਦੇ ਮਾਰਗ ਪਾਏ,
ਸਤਿਗੁਰ ਸੱਚ ਸੁੱਚ ਦ੍ਰਿੜਾਏ,
ਮਾਸ ਸ਼ਰਾਬ ਤੇ ਨੀਲ ਹਟਾਏ,
ਗੋਰਾ ਖੌਫ ਸਿੰਘ ਤੋਂ ਖਾਏ,
ਨਹੀਂ ਇਹ ਖੈਰ ਗੁਜ਼ਾਰਦੇ।

ਕਰਦੇ ਪਹਿਰ ਰਾਤੀਂ ਇਸ਼ਨਾਨ,
ਪੜ੍ਹਦੇ ਬਾਣੀ ਲਾਏ ਧਿਆਨ,
ਢਾਹੁਣ ਮੜ੍ਹੀਆਂ ਗੋਰ ਮਕਾਮ,
ਸਤਿਗੁਰ ਬਹਿੰਦੇ ਲਾਇ ਦੀਵਾਨ,
ਰਾਗੀ ਵਾਰ ਆਸਾ ਦੀ ਲਾਣ,



Sri Satguru Jagjit Singh Ji Elibrary NamdhariElibrary@gmail.com

ਸਿੰਘ ਹੋ ਮਸਤਾਨੇ ਜਾਣ,
ਉਹ ਭਬਕਾਂ ਮਾਰਦੇ।

ਸਤਿਗੁਰ ਹੋਰ ਹੁਕਮ ਚੜ੍ਹਾਏ,
ਸਾਰੀ ਸੰਗਤ ਤਾਈਂ ਸੁਣਾਏ,
ਇਹ ਮਲੇਸ਼ ਲੰਦਨੋਂ ਆਏ,
ਏਨ੍ਹਾਂ ਬੁੱਚੜ ਖਾਨੇ ਲਾਏ,
ਸਾਨੂੰ ਦੁੱਖ ਗਊਆਂ ਦਾ ਖਾਏ,
ਸਿੰਘੋ ਸੀਸ ਦੇਵਣੇ ਆਏ,
ਨਾਏ ਕਰਤਾਰ ਦੇ।

ਚੰਦਾ ਸਿੰਘ ਇਹ ਗੁਰਾਂ ਦੀ ਰੀਤ,
ਕਮਰਾਂ ਕੱਸ ਕੇ ਖਲੇ ਸ਼ਹੀਦ,
ਜਿਨ੍ਹਾਂ ਗੁਰ ਬਚਨੀ ਪਰਤੀਤ,
ਦੇਣੇ ਕੀਏ ਧਰਮ ਤੋਂ ਸੀਸ,
ਉਹ ਹੋਏ ਤਿਆਰ ਨੇ।

ਉਨ੍ਹਾਂ ਸ਼ਸਤਰ ਜਾ ਚਲਾਏ,
ਮਾਰੇ ਬੁੱਚੜ ਖਾਕ ਰਲਾਏ,
ਕਟੇ ਗਊਆਂ ਦੇ ਗਲੋਂ ਫਾਹੇ,
ਦੇਉਤਿਆਂ ਜੈ ਜੈ ਕਾਰ ਬੁਲਾਏ,
ਧਰਮ ਵੀਚਾਰ ਕੇ।



Sri Satguru Jagjit Singh Ji Elibrary NamdhariElibrary@gmail.com

# ਮੱਘਰ

## ਦੋਹਿਰਾ

ਚੁਗਲਾਂ ਚੁਗਲੀ ਮਾਰਕੇ,
ਦਿੱਤੇ ਸਿੰਘ ਫੜਾਏ।
ਜੋ ਦਸਮੇ ਜਾਮੇ ਲਿਖਿਆ,
ਅਜ ਰੱਖੇ ਕੌਣ ਹਟਾਏ।

ਚੜ੍ਹਦੇ ਮੱਘਰ ਪਾਲੇ ਪੌਂਦੇ,
ਜਿਨ ਮਨ ਪ੍ਰੀਤ ਉਹ ਸੁਖ ਨਾ ਸੌਂਦੇ,
ਮਨ ਨੂੰ ਨਾਮ ਦੇ ਨਾਲ ਪਰੋਂਦੇ,
ਜਪ ਜਪ ਮੈਲ ਦਿਲਾਂ ਦੀ ਧੌਂਦੇ,
ਸੋ ਗੁਰੂ ਚਿਤਾਰਦੇ।

ਉਹਨਾਂ ਸਿੰਘਾਂ ਤੋਂ ਕੁਰਬਾਨ,
ਜਿਹੜੇ ਗੁਰਾਂ ਦੇ ਬਚਨ ਕਮਾਨ,
ਕਰਦੇ ਸਣ ਕੇਸੀਂ ਇਸ਼ਨਾਨ,
ਹਿਰਦੇ ਗੁਰਾਂ ਦਾ ਧਰਨ ਧਿਆਨ,
ਉਹ ਆਪ ਤਰੇ ਕੁਲ ਤਾਰਦੇ।



Sri Satguru Jagjit Singh Ji Elibrary NamdhariElibrary@gmail.com

ਜਿਨ੍ਹਾਂ ਗੁਰ ਦੇ ਬਚਨ ਕਮਾਏ,
ਉਹ ਤੇ ਫੇਰ ਜੂਨ ਨਹੀਂ ਆਏ,
ਵੱਸੋ ਜਾਏ ਸ਼ਹੀਦੀ ਪਾਏ,
ਸਤਿਗੁਰ ਬਾਹੋਂ ਪਕੜ ਲੰਘਾਏ,
ਭਵਜਲ ਪਾਰ ਤੇ।

ਚੰਦਾ ਸਿੰਘ ਗੁਰ ਖੇਲ ਰਚਾਏ,
ਵਿੱਚੇ ਮੁਕਬਰ ਚਾਇ ਬਣਾਏ,
ਫਿਰਦੇ ਕੁੱਤੇ ਜਿਉਂ ਹਲਕਾਏ,
ਦਿੱਸਣ ਸਿੰਘ ਤੇ ਜਾ ਅਟਕਾਏ,
ਜਿੱਥੇ ਲੰਗਰ ਝਾਤੀਆਂ ਪਾਏ,
ਸਿੰਘਾਂ ਸੋਟਾ ਪਕੜ ਹਟਾਏ,
ਪਰ੍ਹਾਂ ਦੁਰਕਾਰ ਕੇ।

## ਪੋਹ

### ਦੋਹਿਰਾ

ਪੋਹ ਮਹੀਨਾ ਚੜ੍ਹਦਿਆਂ,
ਪਾਲੇ ਪਾਉਂਦੇ ਜ਼ੋਰ।
ਸਿੰਘ ਹੋ ਮਸਤਾਨੇ ਖੇਡਦੇ,
ਸੁਣ ਸ਼ਬਦਾਂ ਦੀ ਘਨਘੋਰ।



Sri Satguru Jagjit Singh Ji Elibrary NamdhariElibrary@gmail.com

ਚੜ੍ਹਦੇ ਪੋਹ ਤੇ ਕਕਰ ਕੋਰੇ,
ਸਤਿਗੁਰ ਹੁਕਮਨਾਮੇ ਲਿਖ ਤੋਰੇ,
ਸੂਬੇ ਸੱਦੇ ਆਪਣੇ ਕੋਲੇ,
ਲਿਖਿਆ ਸੱਭੇ ਸੰਗਤਾਂ ਆਵਣ,
ਵੇਖ ਅਰਦਾਸ ਤੇ ਢਿਲ ਨਾ ਲਾਵਣ,
ਦਰਸ਼ਨ ਰਾਮਦਾਸ ਪੁਰੇ ਦਾ ਪਾਵਣ,
ਮੇਲੇ ਮਾਘ ਦੇ।

ਲਿਖੇ ਹੁਕਮ ਨਾਮੇ ਜਦ ਗਏ,
ਸਿੰਘਾਂ ਧਰ ਸੀਸ ਤੇ ਲਏ,
ਮਨ ਵਿਚ ਚਾਓ ਬਹੁਤ ਚੜ੍ਹ ਗਏ,
ਘਰ ਵਿਚ ਕਰਨ ਸਲਾਹੀਂ ਬਹੇ,
ਕੇਹੜਾ ਚੱਲੇ ਕੇਹੜਾ ਰਹੇ,
ਇਹ ਮਤੇ ਪਕਾਂਵਦੇ।

ਸਿੰਘ ਹੋਏ ਸਭ ਤਿਆਰ,
ਮਾਲਵਾ ਮਾਝਾ ਦੜਪ ਤੇ ਬਾਰ,
ਆਏ ਜਮਨਾਂ ਦੇ ਸਰਦਾਰ,
ਔਰੀ ਜੋ ਭਾਵੇ ਕਰਤਾਰ,
ਮਾਈਆਂ ਬੀਬੀਆਂ ਹੋਰ ਹਜ਼ਾਰ,
ਜਿਨ੍ਹਾਂ ਲਾਹ ਕੇ ਸੁੱਟੇ ਹਾਰ-ਸ਼ਿੰਗਾਰ,
ਗੁਰਾਂ ਦੇ ਸਾਹਮਣੇ।



Sri Satguru Jagjit Singh Ji Elibrary NamdhariElibrary@gmail.com

ਚੰਦਾ ਸਿੰਘਾ ਸਿੰਘ ਸਭ ਆਏ,
ਸਤਿਗੁਰਾਂ ਲੰਗਰ ਲਾਂਗਰੀ ਲਾਏ,
ਬੀੜੀਆਂ ਲੋਹਾਂ ਧਰੇ ਕੜਾਹੇ,
ਕਰ ਪਰਸ਼ਾਦ ਤੇ ਭੋਗ ਪਵਾਏ,
ਸਿੰਘਾਂ ਬਸਤਰ ਹੋਮ ਕਰਾਏ,
ਚੜ੍ਹ ਮਲੇਰ ਕੋਟਲੇ ਧਾਏ,
ਮਰਾਂਗੇ ਮਾਰ ਕੇ।

## ਮਾਘ

### ਦੋਹਿਰਾ

ਸੀਸ ਧਰਮ ਤੇ ਦੇਣ ਨੂੰ,
ਸਿੰਘ ਚੱਲੇ ਹੋਣ ਸ਼ਹੀਦ।
ਸਤਿਗੁਰ ਪ੍ਰਦੇਸ ਸਿਧਾਨਗੇ,
ਮਾਨੋ ਬਿਸਵੇ ਬੀਸ।

ਚੜ੍ਹਦੇ ਮਾਘ ਖੁਲੀ ਬਸੰਤ,
ਸਤਿਗੁਰ ਸੱਦੇ ਸਭ ਮਹੰਤ,
ਜਿਹੜੇ ਨਗਰਾਂ ਵਿੱਚ ਬਣਾਏ,
ਉਹ ਭੀ ਸਭ ਦਰਸ਼ਨ ਨੂੰ ਆਏ,
ਲੈ ਪਰਕਰਮਾਂ ਸੀਸ ਨਿਵਾਏ,



Sri Satguru Jagjit Singh Ji Elibrary NamdhariElibrary@gmail.com

ਸਤਿਗੁਰ ਆਦਰ ਦੇ ਬਿਠਾਏ,
ਜਾਂ ਸਿੰਘ ਬੈਠੇ ਵਿਚ ਦੀਵਾਨ,
ਹਿਰਦੇ ਗੁਰ ਕਾ ਜਾਪ ਕਮਾਨ,
ਦਰਸ਼ਨ ਕਰਦੇ ਲਾਇ ਧਿਆਨ,
ਸਤਿਗੁਰ ਬਚਨ ਬਿਲਾਸ ਸੁਨਾਣ,
ਸਿੰਘ ਹੋ ਮਸਤਾਨੇ ਜਾਣ,
ਉਠ ਉਠ ਚਰਨੀ ਸੀਸ ਨਿਵਾਣ,
ਗੋਬਿੰਦ ਸਿੰਘ ਜਾਣਕੇ।

ਸਤਿਗੁਰ ਹੈ ਪੂਰਨ ਅਵਤਾਰ,
ਇਸ ਨੇ ਕਰਨੇ ਚੋਜ ਅਪਾਰ,
ਆਇਆ ਰੂਪ ਬਾਰ੍ਵਾਂ ਧਾਰ,
ਮਾਨੋ ਤਾਰਨ ਨੂੰ ਸੰਸਾਰ,
ਸੰਗਤ ਕੀਤੀ ਭਵਜਲੋਂ ਪਾਰ,
ਚਾੜ੍ਹ ਬੇੜੇ ਨਾਮ ਦੇ।

ਚੰਦਾ ਸਿੰਘ ਗੁਰ ਰਚਿਆ ਭਾਣਾ,
ਸਿੰਘ ਕਰਦੇ ਜ਼ੋਰ ਧਿੰਙਾਣਾ
ਕਹਿੰਦੇ ਮਲੇਰ ਕੋਟਲੇ ਧਾਣਾ,
ਜੰਞ ਗਿਆਨ ਸਿੰਘ ਦੀ ਜਾਣਾ,
ਬਦਲਾ ਲੈਣਾ ਪਾਸ ਪਠਾਣਾ,
ਇਹ ਮਨ ਵਿਚਾਰਦੇ।



Sri Satguru Jagjit Singh Ji Elibrary NamdhariElibrary@gmail.com

## ਫੱਗਣ

### ਦੋਹਿਰਾ

ਸਿੰਘ ਸ਼ਹੀਦੀ ਪਾ ਗਏ,
ਸਤਿਗੁਰ ਚਲੇ ਪਰਦੇਸ।
ਸੰਗਤਾਂ ਮੁੜ ਘਰ ਤੋਰੀਆਂ,
ਆਪੋ ਆਪਣੇ ਦੇਸ।

ਮਹੀਨੇ ਫੱਗਣ ਕੀਆ ਪਰਵਾਸ,
ਸਤਿਗੁਰ ਕੀਤਾ ਚਿੱਤ ਉਦਾਸ,
ਜਿਵੇਂ ਰਾਮ ਚਲੇ ਬਨਬਾਸ,
ਸੀਤਾ ਲਛਮਣ ਲੈ ਗਏ ਸਾਥ,
ਏਥੋਂ ਨਾਨੂੰ ਸਿੰਘ ਲੈ ਗਏ,
ਪਿੱਛੇ ਵਾਂਗ ਭਰਤ ਭਾਈ ਰਹੇ,
ਦੁਖ ਸੁਖ ਜਿਸਤੇ ਸੰਗਤ ਰਹੇ,
ਮੈਂ ਬਲਿਹਾਰੀਆਂ।

ਬੈਠੇ ਖੌਫ ਖਾਂਵਦੇ ਗੋਰੇ,
ਪੈ ਗਏ ਨੰਦਨ ਦੇ ਵਿਚ ਭੋਰੇ,
ਸੂਬੇ ਫੜ ਦੇਸਾਂ ਮੇ ਤੋਰੇ,
ਜਿਥੇ ਗੁਰ ਦੇ ਸੂਬੇ ਗਏ,



Sri Satguru Jagjit Singh Ji Elibrary NamdhariElibrary@gmail.com

ਓਥੇ ਭਜਨ ਸਭੋ ਕੋਈ ਲਏ,
ਗੁਰ ਦਾ ਕਹਿਣਾ ਕਿਉਂ ਕਰ ਲਏ,
ਸਭ ਦੇਸ ਉਧਾਰਨੇ।

ਸਤਿਗੁਰ ਬਾਝੋਂ ਚੈਨ ਨ ਕੋਈ,
ਸੰਗਤ ਸਭ ਉਦਾਸੀ ਹੋਈ,
ਰਾਤੀਂ ਨੈਣੀ ਨੀਂਦ ਨਾ ਆਵੇ,
ਤਾਰੇ ਗਿਣਦਿਆਂ ਰੈਣ ਵਿਹਾਵੇ,
ਸਾਨੂੰ ਪਾਣੀ ਅੰਨ ਨਾ ਭਾਵੇ,
ਦਿਨ ਦਿਨ ਗਮ ਗੁਰਾਂ ਦਾ ਖਾਵੇ,
ਐਸਾ ਕੌਣ ਜੋ ਆਣ ਮਿਲਾਵੇ,
ਮੈਂ ਕਰਾਂ ਸਿਰਵਾਰਨੇ।

ਚੰਦਾ ਸਿੰਘਾ ਗੁਰ ਗਏ ਪਰਦੇਸ,
ਮਾਣੇ ਬ੍ਰਹਮ ਰਾਜ ਦੇ ਦੇਸ,
ਅਗੋਂ ਸਾਗਰ ਸਰਨੀ ਆਇਆ,
ਉਸ ਜੋੜੇ ਹੱਥ ਤੇ ਸੀਸ ਨਿਵਾਇਆ,
ਧੰਨ ਭਾਗ ਮੈਂ ਦਰਸ਼ਨ ਪਾਇਆ,
ਜਿਹੜੇ ਦੇਸ ਸਤਿਗੁਰ ਗਏ,
ਜਾਗ ਭਾਗ ਦੇਸ ਦੇ ਪਏ,
ਸਾਧੂ ਜਸ ਗੁਰਾਂ ਦਾ ਕਹੇ,
ਸੰਗਤ ਬਖਸ਼ ਭੁਲ ਚੁੱਕ ਲਏ,



Sri Satguru Jagjit Singh Ji Elibrary NamdhariElibrary@gmail.com

ਉਧਰੇ ਲੋਕ ਬੈਕੁੰਠੇ ਗਏ,
ਜਿਸ ਦਰਸ਼ਨ ਪਾਇਆ।

ਸਤਿਗੁਰ ਜਾ ਬੈਠੇ ਪਰਦੇਸ,
ਸੰਗਤ ਰਹਿੰਦੀ ਮੈਲੇ ਵੇਸ,
ਮਨ ਵਿਚ ਚਿੰਤਾ ਕਰਨ ਹਮੇਸ਼,
ਸਤਿਗੁਰ ਆਵੇ ਆਪਣੇ ਦੇਸ,
ਕਿਸੇ ਵਾਰ ਕਰੇ ਪਰਵੇਸ਼,
ਅੰਦਰ ਭਾਂਵਦੇ।

ਜਿਹੜੇ ਸਿੰਘ ਗੁਰਾਂ ਦੇ ਪਿਆਰੇ,
ਲੰਘ ਕੇ ਗਏ ਸਮੁੰਦਰ ਖਾਰੇ,
ਸਤਿਗੁਰ ਬੈਠੇ ਵਿਚ ਚੁਬਾਰੇ,
ਫੇਰਨ ਮਾਲਾ ਤਪ ਨੂੰ ਧਾਰੇ,
ਜਪਦੇ ਨਾਮ ਨੂੰ।

ਸਤਿਗੁਰ ਬਹੁਤੇ ਬਰਸ ਗੁਜ਼ਾਰੇ,
ਸਾਨੂੰ ਦੇ ਕੇ ਘਲਦੇ ਲਾਰੇ,
ਅਸੀਂ ਔਗੁਣ ਕੀਤੇ ਭਾਰੇ,
ਸਾਥੋਂ ਵਿਛੜੇ ਸਤਿਗੁਰ ਪਿਆਰੇ,
ਸੰਗਤ ਸਾਧ ਉਡੀਕਣ ਸਾਰੇ,
ਜਿਉਂ ਅਜੁਧਿਆ ਰਾਮ ਨੂੰ।



Sri Satguru Jagjit Singh Ji Elibrary NamdhariElibrary@gmail.com

ਗੁਰ ਦੀ ਜੁਗ ਜੁਗ ਜੋਤ ਸਵਾਈ,
ਹੁਣ ਤਾਂ ਰੁਤ ਮਿਲਣੇ ਦੀ ਆਈ,
ਸੰਗਤ ਦਰਸ਼ਨ ਦੀ ਸਧਰਾਈ,
ਭਰਥ ਵਾਂਗ ਉਡੀਕੇ ਭਾਈ,
ਦਰਸ਼ਨ ਦੇਵੇ ਰਘੁ ਪਤਿ ਰਾਈ,
ਕਿਰਪਾ ਧਾਰਕੇ।

ਬੀਬੀ ਨੰਦਾਂ ਸਾਡੀ ਭੈਣ,
ਪਿਤਾ ਬਿਨ ਰਤੀ ਨਾ ਆਵੇ ਚੈਣ,
ਹੋਇ ਵਿਰਾਗਣ ਭਰਦੀ ਨੈਣ,
ਪੁਛਦੀ ਭਾਈ ਸੱਜਣ ਸੈਣ,
ਸਤਿਗੁਰ ਕਦੋਂ ਕੁ ਦਰਸ਼ਨ ਦੇਣ,
ਮਿਲਾਂ ਗਲ ਧਾਇਕੇ।

## ਦੋਹਿਰਾ

ਇਕ ਦਿਨ ਸ੍ਰੀ ਸਤਿਗੁਰੂ
ਬੈਠੇ ਵਿਚ ਧਿਆਨ।
ਕਲ ਮਾਤਾ ਹਥ ਬੰਨ੍ਹਕੇ
ਪਾਸ ਖਲੋਤੀ ਆਣ।



Sri Satguru Jagjit Singh Ji Elibrary NamdhariElibrary@gmail.com

## ਦੋਹਿਰਾ

ਆਖੇ ਮੇਰੀ ਬੇਨਤੀ,
ਸੁਣੋਂ ਗੁਰੂ ਮਿਹਰਵਾਨ।
ਫੌਜਾਂ ਮੇਰੀਆਂ ਭੁਖੀਆਂ,
ਮੰਗਾਦੀਆਂ ਪਹਿਨਣ ਖਾਨ।

## ਦੋਹਿਰਾ

ਕਲ ਮਾਤਾ ਨੂੰ ਫੁਰਮਾਇਆ,
ਤੂੰ ਵਿਚ ਪਠਾਣਾਂ ਜਾਹਿ।
ਨਾਰਦ ਡਉਰੂ ਵਾਇਗਾ,
ਤੂੰ ਸੁਤੀ ਕਲਾ ਜਗਾਇ।

ਸਤਿਗੁਰ ਬੋਲੇ ਮੁਖ ਥੀਂ ਬੈਣ,
ਘਲੇ ਸ਼ਹੀਦ ਰੂਸ ਨੂੰ ਲੈਣ,
ਉਹਦੇ ਜਾਇ ਪਲੰਘ ਤੇ ਬੈਹਣ,
ਫੜ ਸਲੋਤਰ ਮਾਰਨ ਪੈਣ,
ਲਿਖੇ ਹੁਕਮ ਨਾਮੇ ਹਥ ਦੇਣ,
ਆਪ ਅਕਾਲ ਦੇ।



Sri Satguru Jagjit Singh Ji Elibrary NamdhariElibrary@gmail.com

### ਦੋਹਿਰਾ

ਹੁਕਮ ਨਾਮਾ ਹਥ ਦੇਕੇ,
ਬਚਨ ਸੁਣਾਇਆ ਏਹ।
ਇਹ ਤੈਨੂੰ ਹੁਕਮ ਅਕਾਲ ਦਾ,
ਚੜ੍ਹ ਲਾਹੌਰ ਲੈ ਦੇਹ।

ਜਦੋਂ ਰੂਸ ਕਚਹਿਰੀ ਆਇਆ,
ਪਾਸ ਸੱਦ ਵਜ਼ੀਰ ਬਹਾਇਆ,
ਰਾਤੀਂ ਨਜ਼ਰ ਖਾਲਸਾ ਆਇਆ,
ਉਸਨੇ ਭਵਜਲ ਬੁਰਾ ਦਿਖਾਇਆ,
ਮੁਖ ਥੀਂ ਕਰੜਾ ਬਚਨ ਸੁਣਾਇਆ,
ਚੜ੍ਹੋ ਲਾਹੌਰ ਤੇ।

ਵਜ਼ੀਰ ਨੇ ਸੁਣੀ ਹਕੀਕਤ ਸਾਰੀ,
ਆਪਣੇ ਚਿੱਤ ਵਿਚ ਇਹ ਧਾਰੀ,
ਪੈਂਡੇ ਦੂਰ ਤੇ ਮੁਸ਼ਕਲ ਭਾਰੀ,
ਕੀਤੀ ਫੌਜਾਂ ਦੀ ਤਿਆਰੀ,
ਵਜੇ ਧਊਂਸੇ ਸ਼ੁਤਰੀਂ ਕਾਲੀ,
ਚੜ੍ਹੋ ਪੰਜਾਬ ਤੇ।



Sri Satguru Jagjit Singh Ji Elibrary NamdhariElibrary@gmail.com

ਫੌਜਾਂ ਚੜ੍ਹ ਰੂਸ ਦੀਆਂ ਧਾਈਆਂ,
ਫਿਰਗਈਆਂ ਲੰਦਨ ਵਿਚ ਦੁਹਾਈਆਂ,
ਓਧਰੋਂ ਗੋਰੇ ਕਰਦੇ ਧਾਈਆਂ,
ਦਿਨੋ ਦਿਨ ਹੋਸਨ ਬਹੁਤ ਲੜਾਈਆਂ,
ਮਰਸਨ ਬੇਟੇ ਜਾਏ ਮਾਈਆਂ,
ਬਹਿ ਬਹਿ ਰੋਵਨ ਧੀਆਂ ਪਰਾਈਆਂ,
ਪੱਲੂ ਪਾਇਕੇ।

ਬਿਸ਼ਨ ਸਿੰਘ ਗੁਰੂ ਕਾ ਲਾਲ,
ਫੌਜਾਂ ਰਹਿਣ ਸ਼ਹੀਦੀ ਨਾਲ,
ਕੀਤੇ ਸਤਿਗੁਰ ਨਾਲ ਕਰਾਰ,
ਉਹ ਵੀ ਹੋਇਆ ਨਾਲ ਤਿਆਰ,
ਅਗੇ ਜੋ ਭਾਵੇ ਕਰਤਾਰ,
ਹੁਕਮ ਅਕਾਲ ਦਾ।

ਪਠਾਣ ਨਿਤ ਉਠ ਕਰਦੇ ਸ਼ੋਰ,
ਗੋਰੇ ਹਟ ਲਥੇ ਪਸ਼ੌਰ,
ਪਿੱਛੇ ਰੱਖ ਲਿਆ ਲਾਹੌਰ,
ਦਿਲ ਵਿਚ ਕਰਨ ਸਲਾਹੀਂ ਹੋਰ,
ਭਾਣਾ ਕੋਈ ਨਾ ਸਕਦਾ ਮੋੜ,
ਜੋ ਆਪ ਅਕਾਲ ਦਾ।



Sri Satguru Jagjit Singh Ji Elibrary NamdhariElibrary@gmail.com

ਜਦ ਰੂਸ ਪੰਜਾਬੇ ਆਵੈ,
ਪਵੇ ਕਾਲ ਮੁਲਖ ਰੁਲ ਜਾਵੈ,
ਦੁਨੀਆਂ ਮਰੇ ਅੰਨ ਕੇ ਹਾਵੇ,
ਠਗ ਚੋਰ ਬਹੁ ਲੁਟ ਲੁਟ ਖਾਵੈ,
ਬਚੇ ਸੋ ਜੋ ਗੁਰ ਸਰਨੀ ਆਵੈ,
ਇਕ ਮਨ ਹੋਇ ਕੇ ਨਾਮ ਧਿਆਵੈ,
ਉਸ ਅਕਾਲ ਦਾ।

ਸਤਿਗੁਰ ਫੇਰ ਪੰਜਾਬੇ ਆਵਣ,
ਅਗਲੀਆਂ ਸਫ਼ਾਂ ਸਭ ਉਠਾਵਣ,
ਨਵੇਂ ਹੋਰ ਨਿਸ਼ਾਨ ਝੁਲਾਵਣ,
ਜਗ ਵਿਚ ਸ੍ਰੀ ਅਕਾਲ ਜਪਾਵਨ,
ਅਸੁਰ ਸੰਘਾਰ ਕੇ।

**ਦੋਹਿਰਾ**

ਪ੍ਰਗਟਿਆ ਸਤਿਗੁਰੂ ਰਾਮ ਸਿੰਘ,
ਪਰਿਪੂਰਨ ਅਵਤਾਰ।
ਸੰਤ ਖਾਲਸਾ ਸਾਜਿਆ,
ਆਪਣੀ ਕਿਰਪਾ ਧਾਰ।



Sri Satguru Jagjit Singh Ji Elibrary NamdhariElibrary@gmail.com

## ਦੋਹਿਰਾ

ਵਜਿਆ ਧੌਂਸਾ ਧਰਮ ਦਾ,
ਸਤਿਗੁਰ ਦੇ ਦਰਬਾਰ।
ਧਰਮ ਚਲੇਗਾ ਜਗਤ ਵਿਚ,
ਬੋਲੇ ਸਭ ਅਕਾਲ।

## ਦੋਹਿਰਾ

ਚੰਦਾ ਸਿੰਘ ਸੂਰਮਾ ਰਹੇ ਸਹਾਰਨ,
ਦੀਵਾਨ ਸਿੰਘ ਕੇ ਪਾਸ।
ਬਾਰਾਂ ਮਾਹ ਸਤਿਗੁਰੂ ਕਾ,
ਮਾਨੋ ਗੁਰੂ ਬਿਲਾਸ।

## ਦੋਹਿਰਾ

ਗੁਰੂ ਚਰਨਾ ਦੀ ਟੇਕ ਹੈ,
ਹੋਰ ਨਾ ਕੋਈ ਆਸ।
ਗੁਰ ਸੰਗਤ ਭੁਲ ਚੁਕ ਬਖਸ਼ ਲੈ,
ਜਾਨ ਦਾਸਾਂ ਦਾ ਦਾਸ।



Sri Satguru Jagjit Singh Ji Elibrary NamdhariElibrary@gmail.com

## ਦੋਹਿਰਾ

ਬਾਰਾਂ ਮਾਹ ਸ੍ਰੀ ਸਤਿਗੁਰੂ ਕਾ,
ਜੋ ਪੜ੍ਹੇ ਸੁਣੇ ਚਿਤ ਲਾਇ।
ਨਾਮ ਪਦਾਰਥ ਪਾਇਆ,
ਸਤਿਗੁਰ ਹੋਇ ਸਹਾਇ।

ਬਾਰਾਂਮਾਹ ਬਾਬਾ ਚੰਦਾ ਸਿੰਘ ਦਾ ਸੰਪੂਰਨ।



Sri Satguru Jagjit Singh Ji Elibrary NamdhariElibrary@gmail.com

# ਬਾਰਾਂਮਾਹ

## ਸੰਤ ਨਿਹਾਲ ਸਿੰਘ ਜੀ

ਸਤਿਗੁਰੂ ਜਗਜੀਤ ... ਸਾਹਿਬ

### ਚੇਤਰ

ਚੇਤ੍ਰ ਚਾਲ ਹੈ ਨਿਆਰੀ ਇਕ ਪੰਥ ਨਾਮਧਾਰੀ,
ਸਿੰਘ ਹੋਇ ਬੇਸ਼ੁਮਾਰੀ, ਫਤੇ ਸਭ ਕੋ ਬੁਲਾਂਵਦੇ।
ਕੰਘਾ ਕੇਸ ਤੇ ਕ੍ਰਿਪਾਨ ਕੱਛ ਕੜਾ ਇਹ ਪਛਾਨ,
ਇਹੋ ਸਿੰਘਾਂ ਦੇ ਨਿਸ਼ਾਨ ਜੋ ਪਹਿਰਾਵਾ ਅੰਗ ਲਾਂਵਦੇ।
ਬੈਠ ਲਾਂਵਦੇ ਦੀਵਾਨ ਸਾਰਾ ਵੇਖਦਾ ਜਹਾਨ,
ਇਕ ਹੋਣ ਮਸਤਾਨੇ ਛੈਣੇ ਢੋਲਕੀ ਵਜਾਂਵਦੇ।
ਨਿਹਾਲ ਸਿੰਘ ਸਾਧ ਸੰਤ ਬੈਠ ਪੜ੍ਹਦੇ ਨੇ ਗ੍ਰੰਥ,
ਇਕ ਉਠ ਪਰਭਾਤੇ ਵਾਰ ਆਸਾ ਦੀ ਲਗਾਂਵਦੇ।

### ਵੈਸਾਖ

ਵੈਸਾਖ ਸਿੰਘਾਂ ਦਾ ਰਸਾਲਾ ਬੁੱਢਾ ਗੱਭਰੂ ਤੇ ਬਾਲਾ,
ਗਲ ਫੱਬ ਰਹੀ ਮਾਲਾ ਸਿਰ ਸੋਹੇ ਦਸਤਾਰ ਜੀ।
ਸਿੰਘ ਜਪਦੇ ਨੇ ਨਾਮ ਨਾਲੇ ਔਰਾਂ ਕੋ ਜਪਾਨ,
ਰਾਤ ਪਹਿਰ ਰਹਿੰਦੀ ਨ੍ਹਾਣ ਇਹੋ ਰੋਜ਼ ਦਾ ਵਿਹਾਰ ਜੀ।
ਸਣੇ ਕੇਸੀਂ ਇਸ਼ਨਾਨ, ਕਛ ਲਾਹੁਣ ਦੂਜੀ ਪਾਣ,



Sri Satguru Jagjit Singh Ji Elibrary NamdhariElibrary@gmail.com

ਮਨੋ ਮੂਲ ਨਾ ਭੁਲਾਣ, ਸੇਵਨ ਸੱਚਾ ਕਰਤਾਰ ਜੀ।
ਹੋਇਆ ਖਾਲਸਾ ਬੇਅੰਤ, ਭਜਨ ਦਸਦੇ ਮਹੰਤ,
ਨਿਹਾਲ ਸਿੰਘ ਜਪ ਮੰਤ, ਦਿਲ ਵਿਚ ਨਿਹਚਾ ਧਾਰ ਜੀ।

## ਜੇਠ

ਜੇਠ ਜੁਗਤ ਪਛਾਣੀ, ਹੱਥੀਂ ਆਪ ਪੀਣ ਪਾਣੀ,
ਕੀਤੇ ਬਾਝ ਇਸ਼ਨਾਨ ਪਰਸ਼ਾਦ ਨਹੀਂ ਛਕਦੇ।
ਸਿੰਘ ਬੋਲਦੇ ਨੇ ਸੱਚ, ਇਹੋ ਸਤਿਗੁਰਾਂ ਦੀ ਮਤ,
ਛੋਡ ਚੁਗਲੀ ਬਖੀਲੀ, ਖੋਛ ਮਨ ਵਿਚ ਰੱਖਦੇ।
ਇਕ ਹੋਰ ਗਲ ਡਿੱਠੀ, ਬੋਲੀ ਬੋਲਦੇ ਨੇ ਮਿੱਠੀ,
ਤੁਰੇ ਜਾਣ ਸਿੱਧੇ ਰਾਹੇ, ਗਹਿਰੀ ਨਜ਼ਰ ਨਹੀਂ ਤੱਕਦੇ।
ਇਹੁ ਨਾਮ ਹੈ ਅਮੋਲ, ਮੇਰੇ ਸਤਿਗੁਰਾਂ ਦਾ ਬੋਲ,
ਨਿਹਾਲ ਸਿੰਘ ਕਰਨ ਟਹਿਲ, ਸੀਸ ਚਰਨਾਂ ਤੇ ਰੱਖਦੇ।

## ਹਾੜ

ਹਾੜ ਹੋਰ ਗਲ ਚੰਗੀ, ਵਜੇ ਸਾਰੰਦਾ ਸਾਰੰਗੀ,
ਸ਼ਬਦ ਪੜ੍ਹਦੇ ਬੇਅੰਤ, ਅੰਤ ਰਹੇ ਨਾ ਸਵਾਦ ਦਾ।
ਅੰਮ੍ਰਿਤਸਰ ਤੇ ਲਾਹੌਰ, ਲੁਧਿਆਣਾ ਕਲਾਨੌਰ,
ਸ਼ਹਿਰ ਜਿਹਲਮ ਪਸ਼ੌਰ, ਸਾਰਾ ਇਲਾਕਾ ਹੈ ਪੰਜਾਬ ਦਾ।
ਸਿੱਖੀ ਕਾਬਲ ਕੰਧਾਰ, ਨਾਲੇ ਬਲਖ ਤੇ ਬੁਖਾਰ,



Sri Satguru Jagjit Singh Ji Elibrary NamdhariElibrary@gmail.com

ਦਿੱਲੀ ਆਗਰਾ ਹਿਸਾਰ, ਹੋਰ ਅੰਤ ਨਾ ਹਿਸਾਬ ਦਾ।
ਸਿੰਘ ਆਖਦਾ ਨਿਹਾਲ, ਏਹੁ ਖਾਲਸੇ ਦੀ ਚਾਲ,
ਜਪੇ ਕਾਲ ਤੇ ਅਕਾਲ, ਜਿਹੜਾ ਨਾਮ ਸੱਚੇ ਸਾਹਿਬ ਦਾ।

## ਸਾਵਣ

ਸਾਵਣ ਸਾਹਿਬ ਦੀ ਪਰੀਤ, ਅਛੀ ਸਭਨਾਂ ਤੋਂ ਰੀਤ,
ਗੌਣ ਸਤਿਗੁਰਾਂ ਦੇ ਗੀਤ, ਤਿਨਾਂ ਵਿਟਹੁ ਕੁਰਬਾਨ ਜੀ।
ਛੱਡ ਮਾਸ ਤੇ ਕਬਾਬ, ਨਹੀਂ ਪੀਵਣੀ ਸ਼ਰਾਬ,
ਕਿਉਂ ਹੋਇਆ ਗ਼ਰਕਾਬ, ਕਿਧਰ ਗਿਆ ਹੈ ਧਿਆਨ ਜੀ।
ਨਾਮ ਜਪ ਇਕ ਵਾਰੀ, ਬਾਜੀ ਜਿਤ ਕੇ ਕਿਉਂ ਹਾਰੀ,
ਕੇਹੀ ਨੀਤ ਮਨੋ ਧਾਰੀ, ਕਿਉਂ ਹੋਇਆ ਬੇਈਮਾਨ ਜੀ।
ਨਿਹਾਲ ਸਿੰਘ ਕਹੇ ਭਾਈ, ਆਖ ਬੇਨਤੀ ਸੁਣਾਈ,
ਅੰਤ ਹੋਣਗੇ ਸਹਾਈ, ਸਤਿਗੁਰੂ ਮਿਹਰਬਾਨ ਜੀ।

## ਭਾਦਰੋਂ

ਚੜ੍ਹੇ ਭਾਦਰੋਂ ਮਹੀਨੇ, ਲੱਗਾ ਗਿਆਨ ਵਿਚ ਸੀਨੇ,
ਸਿੰਘ ਜਪਦੇ ਨੇ ਨਾਮ, ਖੁਲ੍ਹੇ ਗਲ ਵਿਚ ਕੇਸ ਜੀ।
ਸਿੰਘ ਹੋਏ ਨੇ ਬੈਰਾਗੀ, ਸ਼ਬਦ ਪੜ੍ਹਦੇ ਨੇ ਰਾਗੀ,
ਬੋਲ ਬੋਲਦੇ ਸ਼ਤਾਬੀ, ਨਾਮ ਜਪਦੇ ਹਮੇਸ਼ ਜੀ।
ਇਹਨ੍ਹਾਂ ਬੀਬੀਆਂ ਤੇ ਮਾਈਆਂ ਤੇੜ ਕੱਛਾਂ ਹੈਨ ਪਾਈਆਂ,



Sri Satguru Jagjit Singh Ji Elibrary NamdhariElibrary@gmail.com

ਸਿਰੋਂ ਖੋਲ੍ਹਕੇ ਪਰਾਂਦੇ, ਹੋ ਵੈਰਾਗਣਾਂ ਦੇ ਵੇਸ ਜੀ।
ਨਿਹਾਲ ਸਿੰਘ ਜਪ ਨਾਮ, ਮੁਖੋਂ ਬੋਲ ਰਾਮ ਰਾਮ,
ਗੁਰੂ ਰੱਖੇ ਤੇਰੀ ਹਾਮ,ਦੂਰ ਹੋਣਗੇ ਕਲੇਸ਼ ਜੀ।

## ਅੱਸੂ

ਅੱਸੂ ਐਸੇ ਇਕ ਦੂਤੀ, ਜਿਹੜੇ ਲਾਂਵਦੇ ਨੇ ਲੂਤੀ,
ਰਹਿਣ ਸੰਗ ਤੋਂ ਨਿਆਰੇ, ਨਹੀ ਬੈਠਦੇ ਹਜ਼ੂਰ ਜੀ।
ਦੂਤੀ ਨਿੰਦਿਆ ਕਰੌਂਦੇ, ਸਦਾ ਮੁਖੋਂ ਝੂਠ ਕਹਿੰਦੇ,
ਜਿਹੜੇ ਹੋ ਪਸਿਤੇ ਬਹਿੰਦੇ, ਰਹਿਣ ਸਤਿਗੁਰੂ ਤੋਂ ਦੂਰ ਜੀ।
ਸਤਿਗੁਰ ਐਸਾ ਕਰ ਹਾਲ, ਇਹਨਾਂ ਨਿੰਦਕਾਂ ਦੇ ਨਾਲ,
ਮੂੰਹ ਕਾਲਾ ਨੀਲੇ ਪੈਰ, ਵਿਚ ਸੁਟੇ ਅੰਧ ਘੋਰ ਜੀ।
ਨਿਹਾਲ ਸਿੰਘ ਕਹੇ ਏਹ, ਨਸੀਹਤ ਨਿੰਦਕਾਂ ਨੂੰ ਦੇਹ,
ਨਹੀਂ ਸਮਝਦੇ ਮਲੇਛ, ਭੈੜੇ ਚੰਦਰੇ ਕਠੋਰ ਜੀ।

## ਕੱਤਕ

ਕੱਤੋਂ ਅਕਾਲ ਕਾਲ ਕਰਦੇ, ਹੱਥੀਂ ਸਲੋਤਰ ਫੜਦੇ,
ਮਰਨੋ ਮਾਰਨੋ ਨਾ ਡਰਦੇ, ਖੌਫ਼ ਕਰਦੀ ਲੁਕਾਈ ਹੈ।
ਸਿੰਘ ਰੰਗੀਲੇ ਨਹੀਂ ਛਪਦੇ ਛਪਾਏ,
ਗੁਰੂ ਨਾਮ ਨੂੰ ਜਪਾਏ, ਕੈਸੀ ਰਚਨਾ ਰਚਾਈ ਹੈ।
ਢੱਠੇ ਦੇਵੀ ਦੇ ਦਵਾਰੇ, ਵਡੇ ਵਡੇ ਥਾਨ ਭਾਰੇ,



Sri Satguru Jagjit Singh Ji Elibrary NamdhariElibrary@gmail.com

ਢਾਹੀਆਂ ਕਬਰਾਂ ਮਸੀਤਾਂ, ਧੂੰਦ ਖਾਲਸੇ ਮਚਾਈ ਹੈ।
ਨਿਹਾਲ ਸਿੰਘ ਜੋ ਫਰੰਗੀ, ਖੌਫ਼ ਖਾਏ ਲਾਟ ਜੰਗੀ,
ਆਏ ਬਾਰ੍ਹਵੇਂ ਅਵਤਾਰ, ਫਿਰੇ ਅਕਾਲ ਦੀ ਦੁਹਾਈ ਹੈ।

## ਮੱਘਰ

ਮਹੀਨਾ ਮੱਘਰ ਸੀ ਚੜ੍ਹਿਆ ਲੜ ਸਤਿਗੁਰਾਂ ਦਾ ਫੜਿਆ,
ਧਿਆਨ ਸਤਿਗੁਰਾਂ ਦਾ ਧਰਿਆ ਹੋਰ ਆਸਰਾ ਵਿਸਾਰਦੇ।
ਜਦੋਂ ਲਾਂਵਦੇ ਦੀਵਾਨ, ਸਾਰਾ ਦੇਖਦਾ ਜਹਾਨ,
ਇਕ ਹੋਣ ਮਸਤਾਨੇ, ਬਹੁਤ ਭਬਕਾਂ ਨੇ ਮਾਰਦੇ।
ਦੇਹ ਦਰਸ ਇਕ ਵਾਰੀ, ਤੇਰੇ ਨਾਮ ਤੋਂ ਬਲਿਹਾਰੀ,
ਆਵਣ ਲੱਖ ਤੇ ਹਜ਼ਾਰੀ, ਤੇਰੇ ਵਿਚ ਦਰਬਾਰ ਦੇ।
ਨਿਹਾਲ ਸਿੰਘ ਹੁਣ ਦਸ, ਕੋਈ ਚਲਦਾ ਨਾ ਵਸ,
ਨਿੰਦਾ ਕਰਨ ਵਾਲੇ ਦੂਤੀ, ਵਿਚ ਨਰਕਾਂ ਸਿਧਾਰਦੇ।

## ਪੋਹ

ਪੋਹ ਪਾਪੀ ਤੇ ਪਰਾਧੀ, ਵਡੇ ਚੁਗਲ ਫਸਾਦੀ,
ਜਾ ਕੇ ਆਖਦੇ ਤਸੀਲੇ, ਕਰੋ ਸਿੰਘਾਂ ਦਾ ਇਲਾਜ ਜੀ।
ਕਰਨ ਸ਼ੋਰ ਤੇ ਸ਼ਰਾਬਾ, ਸਾਨੂੰ ਖੌਫ਼ ਬੜਾ ਡਾਢਾ,
ਐਸੀ ਕਰੋ ਤਦਬੀਰ ਮਤ ਹੋਵੇ ਨਾ ਫਸਾਦ ਜੀ।
ਬਾਤ ਸੁਣੀ ਅੰਗਰੇਜ਼, ਬੈਠ ਕਰਦੇ ਵਿਚਾਰ,



Sri Satguru Jagjit Singh Ji Elibrary NamdhariElibrary@gmail.com

ਐਸੀ ਹੋਵੇ ਨਾ ਕੋਈ ਕਾਰ, ਦੂਰ ਕਰਨ ਸਾਡਾ ਰਾਜ ਜੀ।
ਪਿੰਡ ਪਿੰਡ ਤਕੜਾਈ, ਬੈਠ ਗਏ ਨੇ ਸਿਪਾਹੀ,
ਨਿਹਾਲ ਸਿੰਘ ਲਿਖਣ ਨਾਮ, ਲੈਣ ਹਾਜ਼ਰੀ ਹਿਸਾਬ ਜੀ।

## ਮਾਘ

ਮਹੀਨਾ ਮਾਘ ਦਾ ਸੀ ਆਇਆ, ਗੁਰੂ ਖਾਲਸਾ ਸਦਾਇਆ,
ਏਹ ਬਚਨ ਸੁਣਾਇਆ ਵਿਚ ਬੈਠ ਦਰਬਾਰ ਦੇ।
ਸਤਿਗੁਰ ਹੋ ਪਏ ਤਿਆਰ, ਚਲੇ ਸਮੁੰਦਰਾਂ ਤੋਂ ਪਾਰ,
ਕਿਹੜਾ ਮੇਟੇ ਇਹ ਅੱਖਰ, ਜਿਹੜੇ ਲਿਖੇ ਕਰਤਾਰ ਦੇ।
ਸਤਿਗੁਰ ਚਲੇ ਬਨਬਾਸ, ਚਿਤ ਹੋਇਆ ਹੈ ਉਦਾਸ,
ਰੋਂਦੇ ਸਿੱਖ ਸੰਤ ਦਾਸ, ਉੱਚੀ ਉੱਚੀ ਭੁਬਾਂ ਮਾਰ ਦੇ।
ਜਿਹੜੀ ਲਿਖੀ ਸੀ ਅਕਾਲ, ਵਰਤੀ ਖਾਲਸੇ ਦੇ ਨਾਲ,
ਕਹਿੰਦਾ ਸਿੰਘ ਹੈ ਨਿਹਾਲ, ਕਾਰੇ ਵੇਖੇ ਹੋਣਹਾਰ ਦੇ।

## ਫੱਗਣ

ਫੱਗਣ ਫੇਰ ਕਦੀ ਆਵੀਂ ਮੁਖ ਆਪਣਾ ਦਿਖਾਵੀਂ,
ਰਤਾ ਚੈਨ ਨਹੀਂ ਆਵੇ ਤੇਰੀ ਸੰਗਤ ਕੁਰਲਾਂਵਦੀ।
ਬੁਰਾ ਗੁਰਾਂ ਦਾ ਵਿਛੋੜਾ, ਜੈਸੇ ਜਿਗਰ ਵਿਚ ਫੋੜਾ,
ਦਿਨ ਰਾਤ ਇਹੋ ਝੋਰਾ, ਕੋਈ ਗਲ ਨਹੀਂ ਭਾਂਵਦੀ।



Sri Satguru Jagjit Singh Ji Elibrary NamdhariElibrary@gmail.com

ਹੋਈ ਹਾਲ ਤੋਂ ਬੇਹਾਲ, ਖੁਲ੍ਹੇ ਗਲ ਵਿਚ ਵਾਲ,
ਫਿਰ ਥੱਕੀ ਢੂੰਡ ਭਾਲ, ਨੈਣੀਂ ਨੀਂਦ ਨਹੀਂ ਆਵਦੀ।
ਨਿਹਾਲ ਸਿੰਘ ਔਗੁਣਹਾਰ, ਆਇਆ ਤੇਰੇ ਦਰਬਾਰ,
ਗੁਰੂ ਭੁਲ ਚੁਕ ਬਖਸ਼, ਸੰਗਤ ਸੀਸ ਹੈ ਨਿਵਾਂਵਦੀ।



Sri Satguru Jagjit Singh Ji Elibrary NamdhariElibrary@gmail.com

# ਬਾਰਾਂਮਾਹ

ਬਾਬਾ ਕਾਲਾ ਸਿੰਘ।

## ਚੇਤਰ

ਚੇਤਰ ਚਿਤ ਵਿਚ ਚਾਰ ਅੱਖਰ ਦਾ ਹਰ ਦਮ ਨਾਮ ਉਚਾਰੀਂ ਤੂੰ।
ਹੋਇ ਨਿਹਾਲ ਅਕਾਲ ਜਪੀਂ ਜੋ ਰਾਤ ਦਿਨੇ ਨਾ ਵਿਸਾਰੀਂ ਤੂੰ।
ਏਸ ਨਾਮ ਬਿਨ ਪਾਰ ਨਾ ਪੈਸੋਂ ਕਿਤਨਾਂ ਹੋ ਬਲਕਾਰੀ ਤੂੰ।
ਕਾਲਾ ਸਿੰਘ ਨਾਮ ਜਪ ਰਸਨਾ, ਆਪਨਾ ਜਨਮ ਉਧਾਰੀਂ ਤੂੰ।

## ਵੈਸਾਖ

ਵੈਸਾਖ ਵਿਸਰਿਆ ਨਾਮ ਜਿਨ੍ਹਾਂ ਨੂੰ ਰਾਹ ਅਵਲੜੇ ਜਾਂਦੇ ਨੇ।
ਦੇਵੀ ਦੇਵਤੇ ਪੂਜਣ ਵਾਲੇ ਦਰ ਦਰ ਚੋਟਾਂ ਖਾਂਦੇ ਨੇ।
ਮੜ੍ਹੀ ਮਸਾਣੀ ਗੁੱਗਾ ਭੈਰੋਂ ਪੂਜ ਨਰਕ ਨੂੰ ਜਾਂਦੇ ਨੇ।
ਗੁਰੂ ਰਾਮ ਸਿੰਘ ਨਾਮ ਜਪਾ ਕੇ ਨਰਕ ਵਿਚੋਂ ਕਢ ਲਿਆਂਦੇ ਨੇ।

## ਜੇਠ

ਜੇਠ ਜਗਤ ਵਿਚ ਆਏ ਸਤਿਗੁਰੂ ਸਿੰਘ ਕਰਨ ਭਰਵਾਸਾ ਜੀ।
ਹਜਰੋਂ ਸਾਹਿਬ ਪਰਗਟ ਹੋਏ ਭੈਣੀ ਸਾਹਿਬ ਵਿਚ ਵਾਸਾ ਜੀ।



Sri Satguru Jagjit Singh Ji Elibrary NamdhariElibrary@gmail.com

ਪਟਣੇ ਦਾ ਜਿਉਂ ਜਨਮ ਖਾਲਸਾ ਵਿਚ ਅਨੰਦ ਪੁਰ ਵਾਸਾ ਜੀ।
ਗੁਰੂ ਰਾਮ ਸਿੰਘ ਸ਼ਬਦ ਸੁਣਾਕੇ ਕਾਟੀ ਹੈ ਜਮ ਫਾਸਾ ਜੀ।

## ਹਾੜ

ਹਾੜ ਹੁਕਮ ਕਰ ਰਹਿਤ ਰਖਾਈ, ਪੰਥ ਗੁਰਾਂ ਦਾ ਸੱਚਾ ਜੀ।
ਕੰਨ ਵਿਚ ਭਜਨ ਸੁਣੇਂਦੇ ਸਤਿਗੁਰ, ਝੂਠ ਨਾ ਬੋਲਣ ਅੱਛਾ ਜੀ।
ਚੋਰੀ ਯਾਰੀ ਠੱਗੀ ਛੱਡਣੀ, ਨਿੰਦਾ ਕੰਮ ਉਚੱਕਾ ਜੀ।
ਗੁਰੂ ਮਤ ਨੂੰ ਧਾਰਨ ਕਰਨਾ, ਰਹੀਂ ਨਾਮ ਵਿਚ ਰੱਤਾ ਜੀ।

## ਸਾਵਣ

ਸਾਵਣ ਸ਼ੌਕ ਹਟਾ ਕੇ ਦਿਲ ਤੋਂ, ਸਿੱਧਾ ਬੰਨ੍ਹ ਦਸਤਾਰਾ ਤੂੰ।
ਕੜਾ ਕੱਛ ਕਿਰਪਾਨ ਕੇਸ ਧਰ ਸਿੰਘ ਬਣ ਗੁਰੂ ਪਿਆਰਾ ਤੂੰ।
ਮੜ੍ਹੀ ਮਸਾਣੀ ਵਰਤ ਨਾ ਜਾਣੀ ਸਤਿਗੁਰ ਜਾਣ ਨਿਆਰਾ ਤੂੰ।
ਬਾਝ ਗੁਰਾਂ ਦੀ ਮਰਯਾਦਾ ਦੇ, ਝੂਠਾ ਜਾਣ ਪਸਾਰਾ ਤੂੰ।

## ਭਾਦਰੋਂ

ਭਾਦਰੋਂ ਭਰਮ ਜਗਤ ਦੇ ਟਾਰੇ ਸਤਿ ਮਾਰਗ ਸਮਝਾ ਦੇਵੇ।
ਰਹਿਣੀ ਬਹਿਣੀ ਕਹਿਣੀ ਦਸਕੇ ਸਿਖੀ ਨੂੰ ਪਰਗਟਾ ਦੇਵੇ।



Sri Satguru Jagjit Singh Ji Elibrary NamdhariElibrary@gmail.com

ਜਨਮ ਮਰਨ ਤੇ ਗੁਰ ਰੀਤੀ ਨੂੰ ਹਿਰਦੇ ਵਿਚ ਵਸਾ ਦੇਵੇ।
ਕਾਲਾ ਸਿੰਘ ਦ੍ਰਿੜ ਨਾਮ ਕਰਾਕੇ ਗੁਰਮਤ ਅੰਦਰ ਪਾ ਦੇਵੇ।

## ਅੱਸੂ

ਅੱਸੂ ਅਕਸਰ ਲੋਕ ਕੁਸੰਗੀ ਨਿੰਦਾ ਗੁਰਾਂ ਦੀ ਕਰਦੇ ਨੇ।
ਗੁਰੂ ਰਾਮ ਸਿੰਘ ਪੰਥ ਚਲਾਇਆ ਧਰਮੋਂ ਕਦੇ ਨਾ ਟਲਦੇ ਨੇ।
ਬਾਹਮਣ ਡੂਮ ਫਕੀਰ ਪੁਜਾਰੀ ਦੇਖ ਸਿੰਘਾਂ ਨੂੰ ਸੜਦੇ ਨੇ।
ਆਖਣ ਗੰਗਾ ਫੁਲ ਨਾ ਪਾਵਣ ਮੇਹਣੇ ਦੇ ਕੇ ਲੜਦੇ ਨੇ।

## ਕੱਤਕ

ਕੱਤਕ ਕੌਤਕ ਗੁਰਾਂ ਨੇ ਦਸਿਆ ਸੰਗਤ ਤਾਈਂ ਸੁਣਾਇਆ ਹੈ।
ਸੰਤ ਪੰਥ ਤੇ ਵਰਤੇ ਭਾਣਾ ਹੁਕਮ ਅਕਾਲੋਂ ਆਇਆ ਹੈ।
ਲੱਗਣ ਅੱਸੀ ਸੀਸ ਸਿੰਘਾਂ ਦੇ ਦਸਮੇ ਗੁਰ ਫੁਰਮਾਇਆ ਹੈ।
ਕਾਲਾ ਸਿੰਘਾ ਗੁਰ ਪੂਰੇ ਨੇ ਓਹੀ ਸਾਂਗ ਬਣਾਇਆ ਹੈ।

## ਮੱਘਰ

ਮੱਘਰ ਮਹੀਨੇ ਦੋਸਾਂ ਅੰਦਰ ਸਤਿਗੁਰ ਕਰਦੇ ਮੇਲਾ ਜੀ।
ਦੂਰੋਂ ਨੇੜਿਓਂ ਸੰਗਤ ਆ ਕੇ ਕਰਦੇ ਜਨਮ ਸੁਹੇਲਾ ਜੀ।



Sri Satguru Jagjit Singh Ji Elibrary NamdhariElibrary@gmail.com

ਵਾਰ ਵਾਰ ਗੁਰ ਕਹਿਣ ਸਿੰਘਾਂ ਨੂੰ ਭਜਨ ਕਰੋ ਹੁਣ ਵੇਲ਼ਾ ਜੀ।
ਕਾਲਾ ਸਿੰਘ ਇਕ ਵਰਤੇ ਭਾਣਾ ਰਹਿਸੀ ਸਿੰਘ ਅਕੇਲਾ ਜੀ।

## ਪੋਹ

ਪੋਹ ਪੜੇ ਸਿੰਘ ਚਰਨੀਂ ਆ ਕੇ ਬੁੱਚੜ ਮਾਰ ਮੁਕਾਈਏ ਜੀ।
ਗਊ ਘਾਤ ਦਾ ਦੁਖ ਹੈ ਭਾਰੀ ਇਸ ਨੂੰ ਮਾਰ ਮੁਕਾਈਏ ਜੀ।
ਲਾ ਕੇ ਸੀਸ ਧਰਮ ਦੇ ਲੇਖੇ ਜੀਵਨ ਸਫਲ ਬਣਾਈਏ ਜੀ।
ਸਤਿਗੁਰ ਆਖਣ ਸਮਾਂ ਨਹੀਂ ਹੈ ! ਸਿੰਘ ਕਹਿਣ ਫੁਰਮਾਈਏ ਜੀ।

## ਮਾਘ

ਮਾਘ ਮਹੀਨੇ ਸੋਧ ਅਰਦਾਸਾ ਸਿੰਘ ਹਮਲਾ ਕਰ ਧਾਏ ਨੇ।
ਵਿਚ ਕੋਟਲੇ ਬੁੱਚੜ ਮਾਰੇ ਦੇਖ ਮਲੇਛ ਘਬਰਾਏ ਨੇ।
ਸ਼ੇਰ ਪੁਰ ਦੇ ਠਾਣਿਓਂ ਹੋ ਕੇ ਸਿੰਘ ਕੋਟਲੇ ਧਾਏ ਨੇ।
ਨਾਭਾ, ਜੀਂਦ, ਪਟਿਆਲਾ ਫੌਜਾਂ ਸਿਖ ਤੋਪਾਂ ਨਾਲ ਉਡਾਏ ਨੇ।

## ਫੱਗਣ

ਫੱਗਣ ਫਾਸ ਕਟ ਗੁਰ ਸਾਡੀ ਵੱਲ ਪਰਦੇਸ ਸਿਧਾਰੇ ਨੇ।
ਭੈਣੀ ਸਾਹਿਬ ਵਿਚ ਪਰਗਟ ਹੋ ਕੇ ਕੀਤੇ ਚੋਜ ਨਿਆਰੇ ਨੇ।



Sri Satguru Jagjit Singh Ji Elibrary NamdhariElibrary@gmail.com

ਗਊ ਵੰਸ ਨੂੰ ਰੱਖਣ ਦੇ ਹਿਤ ਸੀਸ ਸਿੰਘਾਂ ਨੇ ਵਾਰੇ ਨੇ।
ਕਾਲਾ ਸਿੰਘ ਦਰਸ਼ਨ ਗੁਰ ਹੋਸੀ ਹੋਣ ਜੈ ਜੈ ਕਾਰੇ ਨੇ।



Sri Satguru Jagjit Singh Ji Elibrary NamdhariElibrary@gmail.com

# ਬਾਰਾਂਮਾਹ

ਸੂਬਾ ਮੀਹਾਂ ਸਿੰਘ

## ਚੇਤਰ

ਚੇਤਰ ਚਿਤ ਦੇ ਵਿਚ ਉਦਾਸ ਹੋਏ,
ਕਦੋਂ ਆਣ ਕੇ ਦਰਸ ਦਿਖਾਏ ਪੀਆ।
ਅਸਾਂ ਰੋਂਦਿਆਂ ਤੇ ਕੁਰਲਾਂਦਿਆਂ ਨੂੰ,
ਕਦੋਂ ਆਣਕੇ ਗਲੇ ਲਗਾਏ ਪੀਆ।
ਏਹਨਾਂ ਨੈਣਾਂ ਦੇ ਫਰਸ਼ ਵਿਛਾਵਾਂ ਸੋਹਣੇ,
ਮੇਰੀ ਆਣਕੇ ਸੇਜ ਸੁਹਾਏ ਪੀਆ।
ਡਾਵਾਂ ਡੋਲ ਹੋਈ ਤੇਰੇ ਦਰਸ ਬਾਝੋਂ,
ਤੂੰ ਹੀ ਆਣਕੇ ਚਿਤ ਪਰਚਾਏ ਪੀਆ।

## ਵੈਸਾਖ

ਲੋਕੀਂ ਆਖਦੇ ਆਇਆ ਵੈਸਾਖ ਸੋਹਣਾ,
ਸੋਹਣੇ ਬਾਝ ਸੁਹਾਵਣਾ ਲੱਗਦਾ ਨਹੀਂ।
ਦੁਨੀਆਂ ਵਿਚ ਤਕਾਂਵਦੀ ਫਿਰਾਂ ਸੋਹਣੇ,
ਸੋਹਣੇ ਬਾਝ ਤਕਾਵਣਾ ਜਗਦਾ ਨਹੀਂ।



Sri Satguru Jagjit Singh Ji Elibrary NamdhariElibrary@gmail.com

ਜੈਸੀ ਸੋਹਣੇ ਦੇ ਸੀਸ ਦਸਤਾਰ ਸੋਹੇ,
ਕੋਈ ਪੇਚ ਸੁਹਾਵਣਾ ਪਗ ਦਾ ਨਹੀਂ।
ਗੁਰਾਂ ਬਾਝ ਵੈਸਾਖ ਉਦਾਸ ਦਿੱਸੇ,
ਕੋਈ ਦਿੱਸੇ ਸੁਹਾਵਣਾ ਲਗਦਾ ਨਹੀਂ।

## ਜੇਠ

ਜੇਠ ਜੋਰ ਜਾਂ ਧੁੱਪ ਨੇ ਆਣ ਪਾਇਆ,
ਲੋਆਂ ਵਗਦੀਆਂ ਪਤਾ ਨਾ ਮੂਲ ਲਗੇ।
ਧੁੱਪ ਅੱਗ ਉਛਾਲਦੀ ਜੋਰ ਲਾਕੇ,
ਮੈਨੂੰ ਬਿਰਹੋਂ ਵਿਛੋੜੇ ਦੇ ਫ਼ੁੱਲ ਲਗੇ।
ਕੰਡੇ ਦਰੜਦੀ ਫਿਰਾਂ ਮੈਂ ਵਿਚ ਝਾੜਾਂ,
ਦਿਸਣ ਸਖਿਲ ਨਾ ਕੋਈ ਸੂਲ ਲਗੇ।
ਹਿਰਦਾ ਸੁੱਕ ਕੇ ਵਾਂਗ ਮਨੂਰ ਹੋਇਆ,
ਪੱਥਰ ਚਿੱਤ ਤੇ ਦੇਹੀ ਅਸਥੂਲ ਲਗੇ।

## ਹਾੜ

ਹਾੜ ਹੋਸ਼ ਨਾ ਆਂਵਦੀ ਦਿਨੇ ਰਾਤੀਂ,
ਫਿਰਾਂ ਭਾਲਦੀ ਵਾਂਗ ਸ਼ੁਦਾਈਆਂ ਦੇ।
ਆਵੇ ਚੈਨ ਨਾ ਕੂਕਦੀ ਫਿਰਾਂ ਝੱਲੀ,
ਤੀਰ ਲਗੇ ਨੇ ਪ੍ਰੇਮ ਜੁਦਾਈਆਂ ਦੇ।



Sri Satguru Jagjit Singh Ji Elibrary NamdhariElibrary@gmail.com

ਤੀਰ ਗੁਰਾਂ ਨੇ ਮਾਰਿਆ ਵਿਚ ਸੀਨੇ,
ਭਾਂਡੇ ਛੁਟ ਗਏ ਹੱਥੋਂ ਜਾਈਆਂ ਦੇ।
ਹਾਇ ਹਾਇ ਮੈਂ ਸੱਤਿਗੁਰਾਂ ਮਾਰ ਸੁਟੀ,
ਮੁੱਕੇ ਸਭ ਤਗਾਦੜੇ ਭਾਈਆਂ ਦੇ।

## ਸਾਵਣ

ਆਇਆ ਸਾਵਣ ਤੇ ਸਈਆਂ ਨੇ ਪੀਘ ਪਾਈ,
ਹੋਈਆਂ ਆਪਸ ਦੇ ਵਿਚ ਮਤਵਾਲੀਆਂ ਨੇ।
ਪੀਆ ਪੀਆ ਪੁਕਾਰਦੇ ਗੌਣ ਸੱਭੇ,
ਗੀਤ ਗੌਂਦੀਆਂ ਮਾਰ ਕੇ ਤਾਲੀਆਂ ਨੇ।
ਪੀਆ ਜਿਨ੍ਹਾਂ ਦੇ ਗਏ ਪਰਦੇਸ ਸਈਓ,
ਪੀਆ ਨਾਮ ਸੁਣ ਹੋ ਗਈਆਂ ਕਾਲੀਆਂ ਨੇ।
ਪੀਆ ਪੀਆ ਪੁਕਾਰਦੇ ਰੋਣ ਸੱਭੇ,
ਪੀਆ ਪੀਆ ਬਿਨ ਅਤ ਦੁਖਾਲੀਆਂ ਨੇ।

## ਭਾਦਰੋਂ

ਭਾਦੋਂ ਭਾਂਬੜ ਪਏ ਮੱਚਦੇ ਵਿਚ ਸੀਨੇ,
ਬਿਜਲੀ ਚਮਕਦੀ ਸੀਨੇ ਕਟਾਰ ਵੱਜੇ,
ਸੋਹਣੇ ਪੀਆ ਬਿਨ ਵਰਖਾ ਨਾ ਲਗੇ ਸੋਹਣੀ,
ਭਾਵੇਂ ਛਿਨਵੇ ਹੋ ਜਲ ਧਾਰ ਗੱਜੇ।



Sri Satguru Jagjit Singh Ji Elibrary NamdhariElibrary@gmail.com

ਪੀਆ ਜਿਨ੍ਹਾਂ ਦੇ ਘਰੀਂ ਨਾ ਹੋਣ ਭੈਣੋਂ,
ਰੁਤ ਆਈ ਨੂੰ ਵੇਖਕੇ ਤਾਰ ਵੱਜੇ।
ਬਾਝੋਂ ਪੀਆ ਦੇ ਤਾਰ ਸੁਹਾਂਵਦੀ ਨਾ,
ਭਾਵੇਂ ਤਾਰ ਹਜ਼ਾਰ ਅਪਾਰ ਵੱਜੇ।

## ਅੱਸੂ

ਅੱਸੂ ਆਸ ਰੱਖਾਂ ਮੈਂ ਭੀ ਗੁਰਾਂ ਸੰਦੀ,
ਸਾਨੂੰ ਆਣਕੇ ਦਰਸ ਦਿਖਾਲ ਸਾਈਂ।
ਤੇਰੇ ਬਾਝ ਲੋਕੀ ਸਾਨੂੰ ਦੇਣ ਤਾਹਨੇ,
ਤਾਹਨੇ ਮੇਟ ਤੂੰ ਮੁਖ ਦਿਖਾਲ ਸਾਈਂ।
ਮੁਖ ਦੇਖੇ ਦੇ ਬਾਝ ਨਾ ਭੁਖ ਲਹਿੰਦੀ,
ਭੁੱਖ ਮੁਖ ਦੀ ਕਰੇ ਨਿਢਾਲ ਸਾਈਂ।
ਆਓ ਚੀਨੀ ਤੇ ਹੋਇ ਅਸਵਾਰ ਪੀਆ,
ਆਕੇ ਸੰਗਤਾਂ ਕਰੋ ਨਿਹਾਲ ਸਾਈਂ।

## ਕੱਤਕ

ਕੱਤਕ ਪੁੰਨਿਆਂ ਲੋਕ ਤਕੌਣ ਸਾਰੇ,
ਨਾਨਕ ਗੁਰੂ ਹੋ ਦਰਸ ਦਿਖਾਰਿਆ ਤੈਂ।
ਜਾਮਾ ਬਾਰ੍ਹਵਾਂ ਧਾਰ ਪਰਦੇਸ ਜਾਵੀਂ,
ਦਸਮ ਗੁਰੂ ਹੋ ਵਾਕ ਉਚਾਰਿਆ ਤੈਂ।



Sri Satguru Jagjit Singh Ji Elibrary NamdhariElibrary@gmail.com

ਆਵਾਂ ਦੇਸ ਦੇ ਵਿਚ ਮੈਂ ਫੇਰ ਮੁੜਕੇ,
ਸੋਹਣੇ ਮੁਖ ਸੇ ਆਪ ਉਚਾਰਿਆ ਤੈਂ।
ਆਈ ਰੁਤ ਹੁਣ ਆ ਅਸਵਾਰ ਚੀਨੀ,
ਬਚਨ ਕੀਤਾ ਕਿਉਂ ਆਪ ਵਿਸਾਰਿਆ ਤੈਂ।

## ਮੱਘਰ

ਆਇਆ ਮੱਘਰ ਚਿਤ ਉਦਾਸ ਹੋਇਆ,
ਪੀਆ ਪਲੰਘ ਤੇ ਨਜ਼ਰ ਨਾ ਆਂਵਦੇ ਸੀ।
ਰਾਮਸਰ ਦੇ ਵਿਚ ਦੀਵਾਨ ਲਾ ਕੇ,
ਜੋਹੜੇ ਸੰਗਤਾਂ ਵਿਚ ਸੁਹਾਂਵਦੇ ਸੀ।
ਮੁਖੋਂ ਬਚਨ ਕਰਦੇ ਜਾਣੋਂ ਫੁੱਲ ਕਿਰਦੇ,
ਅਜੇ ਫੁੱਲ ਵੀ ਵੇਖ ਸ਼ਰਮਾਂਵਦੇ ਸੀ।
ਫੁੱਲ ਰੁਤਾਂ ਸਿਰ ਹੋਣ ਬਗੀਚਿਆਂ ਦੇ,
ਸਤਿਗੁਰ ਨਿਤ ਨਵੀਂ ਸੋਭਾ ਪਾਂਵਦੇ ਸੀ।

## ਪੋਹ

ਰੁਤ ਸੀਤ ਦੀ ਆਈ ਹੈ ਪੋਹ ਸੰਦੀ,
ਹੱਥਾਂ ਪੈਰਾਂ ਨੂੰ ਠਾਰਦੀ ਫਿਰੇ ਤੱਤੀ।
ਸੀਨੇ ਠੰਡ ਨਾ ਪਾਂਵਦੀ ਬਾਝ ਪੀਆ,
ਕਿਹੜੀ ਗਲ ਤੇ ਫਿਰੇਂ ਤੂੰ ਮਾਣ ਮਤੀ।



Sri Satguru Jagjit Singh Ji Elibrary NamdhariElibrary@gmail.com

ਠੰਡੀ ਕਹਿਣ ਪਰ ਸੀਨੇ ਨੂੰ ਅੱਗ ਲੱਗੇ,
ਏਸ ਠੰਡੜੀ ਨੇ ਮੈਨੂੰ ਮਾਰ ਘੱਤੀ।
ਤਾਹੀਓਂ ਠੰਡੜੀ ਪੋਹ ਦੀ ਰਾਤ ਆਖਾਂ,
ਘਰੀਂ ਔਣ ਜੇ ਚੀਨੀ ਅਵਤਾਰ ਪਤੀ।

## ਮਾਘ

ਮਾਹ ਮਾਘ ਦਾ ਦੁੱਖ ਕੀ ਕਰਾਂ ਭੈਣੋ,
ਗਿਆ ਮਾਘ ਦੇ ਵਿੱਚ ਪਰਦੇਸ ਪੀਆ।
ਗੋਡੇ ਬੈਠਕੇ ਕੰਬਲੀ ਲੈ ਉਪਰ,
ਜ਼ਿਮੀਦਾਰਾਂ ਦਾ ਕਰ ਲਿਆ ਭੇਸ ਪੀਆ।
ਬੈਠੇ ਚੜੇ ਗਡੇ ਤੇ ਭੁੱਲੇ ਨਾ ਜਾਣ ਭੈਣੋ,
ਛੱਡ ਚੱਲੇ ਨੇ ਆਪਣਾ ਦੇਸ ਪੀਆ।
ਧਾਹਾਂ ਮਾਰਕੇ ਰੋਂਦੀਆਂ ਦਾਸੀਆਂ ਨੇ,
ਕੋਈ ਚੱਲੇ ਨਾ ਸਾਡੜੀ ਪੇਸ਼ ਪੀਆ।

## ਫੱਗਣ

ਫੱਗਣ ਫੈਲਿਆ ਦੁਖ ਸਰੀਰ ਸਾਰੇ,
ਲੂੰ ਲੂੰ ਚੋਂ ਆਵੇ ਆਵਾਜ਼ ਪੀਆ।
ਤੇਰੇ ਬਾਝ ਨਾ ਬੈਠਕਾਂ ਸੋਂਹਦੀਆਂ ਨੇ,
ਭੱਠ ਪਏ ਨੇ ਰਾਜ ਸਮਾਜ ਪੀਆ।



Sri Satguru Jagjit Singh Ji Elibrary NamdhariElibrary@gmail.com

ਲਾਹੇ ਹਾਰ ਸ਼ਿੰਗਾਰ ਸਭ ਦਾਸੀਆਂ ਨੇ,
ਖੱਦਰ ਚੌਸੀਆਂ ਦਾ ਹੋਇਆ ਸਾਜ ਪੀਆ।
ਖੁਲ੍ਹੇ ਕੇਸ ਤੇ ਹਾਲ ਬੇਹਾਲ ਹੋਈਆਂ,
ਸਾਡਾ ਲੈ ਗਿਆ ਨਾਲ ਸੁਹਾਗ ਪੀਆ।

# ਬਾਰਾਂਮਾਹ

ਤੇਜਾ ਸਿੰਘ ਸੋਖਲ

## ਚੇਤਰ

ਚੇਤਰ ਰਿੱਤਾ ਸਤਿਗੁਰੂ ਵਾਲੀ,
ਪੀਆ ਗਏ ਪ੍ਰਦੇਸ।
ਜੋਗਣ ਬਣਕੇ ਢੂੰਡਣ ਜਾਵਾਂ,
ਕਰਕੇ ਭਗਵਾ ਭੇਸ।
ਲੋਕਾਂ ਹਾਰ ਸ਼ਿੰਗਾਰ ਲਗਾਏ,
ਸਾਡੇ ਖੁਲ੍ਹੇ ਕੇਸ।
ਚੀਨੀ ਵਾਲੇ ਸਤਿਗੁਰ ਬਾਝੋਂ,
ਸੁੰਞਾ ਹੋਇਆ ਦੇਸ।

## ਵੈਸਾਖ

ਵੈਸਾਖ ਵਿਸਾਰ ਗਿਆ ਗੁਰ ਸਾਨੂੰ,
ਖਬਰ ਨਾ ਘੱਲੀ ਕੋਈ।
ਐਸੀ ਹੋਰ ਕਰੇਂ ਕੀ ਰੱਬਾ,
ਜੋ ਸਾਡੇ ਨਾਲ ਹੋਈ।



Sri Satguru Jagjit Singh Ji Elibrary NamdhariElibrary@gmail.com

ਦੁਸ਼ਮਣ ਹੋਇਆ ਦੇਸ ਅਸਾਡਾ,
ਸੱਜਣ ਰਿਹਾ ਨਾ ਕੋਈ।
ਚੀਨੀ ਵਾਲੇ ਸਤਿਗੁਰ ਬਾਝੋਂ,
ਕਿਹੜਾ ਦੇਵੇ ਢੋਈ।

## ਜੇਠ

ਚੜ੍ਹਿਆ ਜੇਠ ਜੁਦਾਈ ਵਾਲਾ,
ਬ੍ਰਿਹੋਂ ਮਾਰ ਮੁਕਾਇਆ।
ਵਿਚ ਉਡੀਕ ਉਮਰ ਗੁਜ਼ਰ ਗਈ,
ਅਜੇ ਪੀਆ ਨਹੀਂ ਆਇਆ।
ਦੇਵਾਂ ਦੋਸ਼ ਕਿਸੇ ਨੂੰ ਕਾਹਦਾ,
ਮਿਲਿਆ ਲੇਖ ਲਿਖਾਇਆ
ਤੀਰ ਵਿਛੋੜੇ ਵਾਲਾ ਸਤਿਗੁਰੂ,
ਵਿਚ ਕਲੇਜੇ ਲਾਇਆ।

## ਹਾੜ

ਹਾੜ ਹਾਲ ਸੁਣਾਵਾਂ ਕਿਸ ਨੂੰ,
ਕਿਹੜਾ ਹੋਵੇ ਦਰਦੀ,
ਬਾਝ ਤੁਹਾਡੇ ਕਿਸ ਨੂੰ ਦੱਸਾਂ,
ਜੋ ਸਾਡੇ ਨਾਲ ਵਰਤੀ।



Sri Satguru Jagjit Singh Ji Elibrary NamdhariElibrary@gmail.com

ਲਿਖੀ ਧੁਰ ਤਕਦੀਰੋਂ ਜਿਹੜੀ,
ਉਹ ਨਹੀ ਰਹਿੰਦੀ ਵਰਜੀ।
ਚੀਨੀ ਵਾਲੇ ਸਤਿਗੁਰ ਬਾਝੋਂ,
ਕੌਣ ਕਰੇ ਹਮਦਰਦੀ।

## ਸਾਵਣ

ਚੜ੍ਹਦੇ ਸਾਵਣ ਮੀਂਹ ਵਰਸਾਵਣ,
ਸਈਆਂ ਪੀਂਘਾਂ ਪਾਈਆਂ।
ਰਲਕੇ ਸੱਭੇ ਖੁਸ਼ੀ ਮਨਾਵਣ,
ਸਾਡੇ ਦਿਲ ਨਹੀਂ ਭਾਈਆਂ।
ਕਾਗ ਉਡਾਵਾਂ ਔਸੀਆਂ ਪਾਵਾਂ,
ਆ ਦੇਸ਼ ਦਿਆ ਸਾਈਆਂ।
ਹੱਥੀਂ ਜੋ ਬਗੀਚਾ ਲਾਇਆ,
ਕਲੀਆਂ ਉਹ ਕੁਮਲਾਈਆਂ।

## ਭਾਦਰੋਂ

ਭਾਦਰੋਂ ਭਾਰ ਉਤਾਰੋ ਆ ਕੇ,
ਭਾਰਤ ਇਸ ਨਿਮਾਣੀ ਦਾ।
ਬਾਝ ਤੁਹਾਡੇ ਕਿਹੜਾ ਦਰਦੀ,
ਗਊ ਗਰੀਬ ਇਆਣੀ ਦਾ।



Sri Satguru Jagjit Singh Ji Elibrary NamdhariElibrary@gmail.com

ਰਾਜੇ ਵਾਂਗ ਕਸਾਈਆਂ ਹੋ ਗਏ,
ਟੁੱਟਾ ਮਾਣ ਨਿਤਾਣੀ ਦਾ।
ਦੁੱਖ ਦੂਜੇ ਦੀ ਸਾਰ ਨਾ ਹੁੰਦੀ,
ਤਨ ਲੱਗੇ ਤਾਂ ਜਾਣੀ ਦਾ।

## ਅੱਸੂ

ਅੱਸੂ ਆਸ ਪੁਜਾਵੇ ਆ ਕੇ,
ਲੱਗੀ ਬਹੁਤ ਉਦਾਸੀ।
ਰਾਜੇ ਜਨਕ ਦੇ ਵਾਂਗਰ ਆ ਕੇ,
ਕਰ ਦਿਉ ਬੰਦ ਖਲਾਸੀ।
ਇਕ ਵਾਰ ਜੇ ਦਰਸ ਦਿਖਾਵੇ,
ਕੱਟੀ ਜਾਏ ਚੁਰਾਸੀ।
ਸਤਿਗੁਰੂ ਬਾਝੋਂ ਸ਼ਾਂਤ ਨਾ ਆਵੇ,
ਮੱਛੀ ਜਿਵੇਂ ਪਿਆਸੀ।

## ਕੱਤਕ

ਕੱਤੇ ਕਰਮ ਜੋ ਹੋਵਣ ਮਾੜੇ,
ਤਾਂ ਵਿਛੋੜੇ ਪੈਂਦੇ।
ਪੀਆ ਗਏ ਪਰਦੇਸ ਜਿਨ੍ਹਾਂ ਦੇ,
ਨਾਲ ਸੁਖਾਂ ਨਹੀਂ ਬਹਿੰਦੇ।



Sri Satguru Jagjit Singh Ji Elibrary NamdhariElibrary@gmail.com

ਖਾਣਾ ਪੀਣਾ ਕੁਝ ਨਾ ਸੁੱਝੇ,
ਵਾਂਗ ਬੀਮਾਰਾਂ ਰਹਿੰਦੇ।
ਚੀਨੀ ਵਾਲਾ ਮਿਲੇ ਜੇ ਸਤਿਗੁਰ,
ਮੁਖੋਂ ਹਰਦਮ ਕਹਿੰਦੇ।

## ਮੱਘਰ

ਮੱਘਰ ਮਾਰ ਰਹੀ ਹੁਣ ਸਾਨੂੰ,
ਛੇਤੀ ਦਰਸ ਦਿਖਾਵੇ।
ਬੇਮੁਖੀ ਬੇਸਿਦਕੀ ਪਾਸੋਂ,
ਸਾਨੂੰ ਆਣ ਬਚਾਵੇ।
ਰੁੜ੍ਹਦੀ ਜਾਂਦੀ ਬੇੜੀ ਤਾਈਂ।
ਆਕੇ ਬੰਨੇ ਲਾਵੇ।

## ਪੋਹ

ਚੜ੍ਹਦੇ ਪੋਹ ਪਿਆਰ ਤੇਰੇ ਨੇ,
ਕੀਤੀ ਬਹੁਤ ਲਚਾਰੀ।
ਚੀਰੇ ਜਿਗਰ ਵਿਛੋੜਾ ਹਰਦਮ,
ਜਿਉਂ ਲੱਕੜ ਨੂੰ ਆਰੀ।



Sri Satguru Jagjit Singh Ji Elibrary NamdhariElibrary@gmail.com

ਸੁੱਕੀ ਰੱਤ ਸਰੀਰੋਂ ਸਾਰੀ,
ਲੱਗੀ ਸਖਤ ਬੀਮਾਰੀ।
ਦਰਸ਼ਨ ਤੇਰਾ ਅਸਲ ਦਵਾਈ,
ਹੋਰ ਕੋਈ ਨਹੀ ਕਾਰੀ।

## ਮਾਘ

ਚੜ੍ਹਦੇ ਮਾਘ ਮੈਂ ਕਿਸ ਨੂੰ ਦੱਸਾਂ,
ਜੋ ਸਾਡੇ ਨਾਲ ਬੀਤੀ।
ਆਪਣਾ ਜੋਰ ਲਗਾਇਆ ਸਭਨਾਂ,
ਘੱਟ ਕਿਸੇ ਨਹੀ ਕੀਤੀ।
ਜੀਆਂ ਖਾਤਰ ਦੁੱਖ ਉਠਾਣਾ,
ਇਹ ਸਤਿਗੁਰ ਦੀ ਰੀਤੀ।
ਪੰਜਵੇਂ ਨਾਵੇਂ ਦਸਵੇਂ ਵਾਲੀ,
ਬਾਹਰਵੇਂ ਗੁਰੂ ਫੜ ਲੀਤੀ।

## ਫੱਗਣ

ਚੜ੍ਹਦੇ ਫੱਗਣ ਫਿਕਰਾਂ ਅੰਦਰ,
ਗਿਆਰਾਂ ਮਾਹ ਗੁਜ਼ਾਰੇ।
ਨਾਲ ਦੁਖਾਂ ਦੇ ਦਿਨ ਲੰਘਾਵਾਂ,
ਰਾਤਾਂ ਗਿਣ ਗਿਣ ਤਾਰੇ।



Sri Satguru Jagjit Singh Ji Elibrary NamdhariElibrary@gmail.com

ਲੋਕੀ ਸਾਨੂੰ ਦੇਵਣ ਤਾਨ੍ਹੇ,
ਜਾਂਦੇ ਨਹੀਂ ਸਹਾਰੇ।
ਦੇਹ ਦਰਸ਼ਨ ਗੁਰ ਚੀਨੀ ਵਾਲੇ,
ਦੁਖ ਮਿਟਾ ਦੇ ਸਾਰੇ।



Sri Satguru Jagjit Singh Ji Elibrary NamdhariElibrary@gmail.com

# ਬਾਰਾਂਮਾਹ

ਸੰਤ ਇਕਬਾਲ ਸਿੰਘ ਮਨਚੰਦਾ

## ਚੇਤਰ

ਚੇਤਰ ਚਿਤ ਹੈ ਉਦਾਸ ਪੀਆ ਮੇਰੇ ਨਹੀਂ ਪਾਸ,
ਮਨ ਮੇਰੇ 'ਚ ਹੁਲਾਸ ਕਦੋਂ ਦਰਸ ਮੈਂ ਪਾਵਸਾਂ।
ਮੇਰੇ ਮਨ ਵਿਚ ਪੀਰ ਲਗਾ ਪ੍ਰੇਮ ਵਾਲਾ ਤੀਰ,
ਵਗੇ ਨੈਣਾਂ ਵਿਚੋਂ ਨੀਰ ਕੀਕੂੰ ਮਨ ਸਮਝਾਵਸਾਂ।
ਹੋਈ ਹਾਲ ਤੋਂ ਬੇਹਾਲ ਖੁਲ੍ਹੇ ਗਲ ਵਿਚ ਵਾਲ,
ਲੋਕੀਂ ਆਖਦੇ ਬੇਤਾਲ ਕਿਹਨੂੰ ਦੁੱਖੜਾ ਸੁਣਾਵਸਾਂ।
ਪ੍ਰੀਤਮ ਪਿਆਰੇ ਗੁਰੂ ਰਾਮ ਸਿੰਘ ਆਵੇ ਦੇਸ,
ਦੂਖਾਂ ਤੋਂ ਛੁਡਾਵੇ ਦਿਨ ਰਾਤ ਇਹ ਗਾਵਸਾਂ।

## ਵੈਸਾਖ

ਵੈਸਾਖ ਹੈ ਵੈਰਾਗ ਲੱਗਾ ਸੀਨੇ ਮੇਰੇ ਦਾਗ,
ਜਿਵੇਂ ਜਿਵੇਂ ਧੋਵਾਂ ਤਿਵੇਂ ਤਿਵੇਂ ਵਧੀ ਜਾਂਵਦਾ।
ਰੋਗ ਜੁਦਾਈ ਵਾਲਾ ਐਸਾ ਮੇਰੇ ਪੇਸ਼ ਪਿਆ,
ਕੋਈ ਵੈਦ ਇਸਦਾ ਇਲਾਜ ਨਾ ਬਤਾਂਵਦਾ।



Sri Satguru Jagjit Singh Ji Elibrary NamdhariElibrary@gmail.com

ਤਾਹਨਿਆਂ ਤੇ ਮਿਹਣਿਆਂ ਨੇ ਕੀਤੀ ਮੇਰੇ ਭਾ ਐਸੀ,
ਸਾਕ ਸੈਣ ਕੋਈ ਮੈਨੂੰ ਮੂੰਹ ਨਹੀਂ ਲਾਂਵਦਾ।
ਪ੍ਰਾਨ ਨਾਥ ਸ੍ਰੀ ਸਤਿਗੁਰੂ ਰਾਮ ਸਿੰਘ ਸੁਣੋ,
ਨਿਤ ਦਾ ਵਿਛੋੜਾ ਮੈਥੋਂ ਜਰਿਆ ਨਾ ਜਾਂਵਦਾ।

## ਜੇਠ

ਜੇਠ ਦੀਆਂ ਲੋਆਂ ਦਾ ਨਾ ਉਕਾ ਮੈਨੂੰ ਸੇਕ ਕੋਈ,
ਸੇਕ ਇਕੋ ਸੀਨੇ ਦੀਵਾ ਹਿਜਰ ਦਾ ਜੋ ਬਲਦਾ।
ਬਲਦਾ ਨਾ ਬੁਝ ਜਾਵੇ ਪ੍ਰੀਤਮ ਦੇ ਦੀਦਾਰ ਬਾਝੋਂ,
ਪਤਾ ਨਹੀ ਜੀਵਨ ਦੇ ਇਕ ਘੜੀ ਪਲ ਦਾ।
ਪਲਦਾ ਜੋ ਬਿਰਹੋਂ ਸਤਾਵੇ ਮੈਨੂੰ ਪਲ ਪਲ,
ਰਾਹ ਤੱਕ ਤੱਕ ਨੈਣੀ ਨੀਰ ਉਛਲਦਾ।
ਚੀਨੀ ਅਸਵਾਰ ਸਤਿਗੁਰੂ ਰਾਮ ਸਿੰਘ ਤਾਈਂ,
ਕੋਈ ਆ ਮਿਲਾਵੇ ਤੇ ਲਵਾਏ ਫਹਿਆ ਸੱਲਦਾ।

## ਹਾੜ

ਹਾੜ ਦਾ ਪਹਾੜ ਜਿਡਾ ਦਿਨ ਮੈਨੂੰ ਇਉਂ ਲਗੇ,
ਜਿਵੇਂ ਜੁਗ ਲੰਘ ਗਿਆ ਪੀਆ ਦੇ ਦੀਦਾਰ ਨੂੰ।
ਹਾਉਕਿਆਂ ਦੇ ਹਾਵੇ ਰਾਤੀਂ ਨੀਂਦ ਮੇਰੀ ਮੁੱਕ ਗਈ,
ਕੌਣ ਜਾ ਕੇ ਆਖੇ ਸੋਹਣੇ ਚੀਨੀ ਅਸਵਾਰ ਨੂੰ।



Sri Satguru Jagjit Singh Ji Elibrary NamdhariElibrary@gmail.com

ਨੈਣਾਂ ਦੀਆਂ ਪੁਤਲੀਆਂ ਰਾਹ ਤਕ ਬੁਝ ਗਈਆਂ,
ਲੋਚਦੀਆਂ ਹਰ ਦਮ ਪ੍ਰੀਤਮ ਪਿਆਰ ਨੂੰ।
ਪ੍ਰਾਨ ਨਾਥ ਸ੍ਰੀ ਸਤਿਗੁਰੂ ਰਾਮ ਸਿੰਘ ਬਿਨਾਂ,
ਕੋਈ ਵੀ ਨਾ ਗਲ ਲਾਵੇ ਮੈਨੂੰ ਦੁਖਿਆਰ ਨੂੰ।

## ਸਾਵਣ

ਸਾਵਣ ਕੀ ਘਟਾ ਘਨਘੋਰ ਛਾਈ ਚਾਰੋਂ ਓਰ,
ਦਾਮਿਨ ਚਮਕ ਦੇਖ ਜੀਅਰਾ ਡਰਤ ਹੈ।
ਮੋਰਨ ਕੀ ਕੂਕ ਸੁਣ ਹੂਕ ਉਠੇ ਮੋਰੇ ਤਨ,
ਬਿਰਹਾ ਕੀ ਅਗਨੀ ਸੇ ਜੀਅਰਾ ਜਰਤ ਹੈ।
ਨੈਨਨ ਕੀ ਜੋਤ ਫੀਕੀ ਪਰ ਗਈ ਰੁਦਨ ਕਰ,
ਥੀਆ ਜੋ ਅਧੀਰ ਮਨ ਧੀਰ ਨਾ ਧਰਤ ਹੈ।
ਦੀਨਨ ਦਿਆਲ ਸਤਿਗੁਰੂ ਰਾਮ ਸਿੰਘ ਬਿਨ;
ਹਰ ਘੜੀ ਪਲ ਮੋ ਕੋ ਚੈਨ ਨਾ ਪਰਤ ਹੈ।

## ਭਾਦਰੋਂ

ਭਾਦਰੋਂ ਭਰਮ ਵਿਚ ਸੁੱਧ ਬੁੱਧ ਐਸੀ ਭੁੱਲੀ,
ਤਨ ਦੀਨਾ ਹੋਸ਼ ਰਹੀ ਨਾਹਿ ਕਿਛ ਗਿਆਨ ਹੈ।
ਕੌਣ ਜਾਣੇ ਪੀਰ ਜੇਹੜੀ ਮੇਰੇ ਤਨ ਲਗੀ ਹੋਈ,
ਲੋਕਾਂ ਭਾਣੇ ਹਾਸਾ ਮੇਰੀ ਜਾ ਰਹੀ ਜਾਨ ਹੈ।


Sri Satguru Jagjit Singh Ji Elibrary NamdhariElibrary@gmail.com

ਬਿਰਹਾ ਸ਼ਿੰਗਾਰ ਭੇਖ ਜੋਗਨਾਂ ਦਾ ਧਾਰਿਆ ਮੈਂ,
ਹੱਥ ਵਿਚ ਮਾਲਾ ਲਾਇਆ ਪੀਆ ਦਾ ਧਿਆਨ ਹੈ।
ਪ੍ਰਾਨਨ ਅਧਾਰ ਸ੍ਰੀ ਸਤਿਗੁਰੂ ਰਾਮ ਸਿੰਘ ਬਿਨ,
ਘੜੀ ਦਾ ਵਿਛੋੜਾ ਕਈ ਜੁੱਗਾਂ ਦੇ ਸਮਾਨ ਹੈ।

## ਅੱਸੂ

ਅੱਸੂ ਸੁਖੀ ਸੋਈ ਘਰ ਕੰਤ ਵਸੇ ਜਿਸ ਪਾਸ,
ਕੰਤ ਬਿਨ ਨਾਰੀ ਹੋਵੇ ਕਦੀ ਨਹੀਂ ਸੁਖੀ ਏ।
ਪੀਆ ਪਰਦੇਸ ਖੁਲ੍ਹੇ ਕੇਸ ਗਲ ਮੈਲੇ ਵੇਸ,
ਤਨ ਚ ਕਲੇਸ਼ ਜਿੰਦ ਵਾਲ ਵਾਲ ਦੁਖੀ ਏ।
ਔਸੀਆਂ ਮੈਂ ਪਾਵਾਂ ਨਿਤ ਸ਼ਗਨ ਮਨਾਵਾਂ ਮਾਹੀ,
ਦਰਸ਼ਨ ਪਾਵਾਂ ਕਦ ਇਹੋ ਧੁਖ ਧੁਖੀ ਏ।
ਦੀਨਾ ਨਾਥ ਸ੍ਰੀ ਸਤਿਗੁਰੂ ਰਾਮ ਸਿੰਘ ਬਿਨ,
ਜੀਵਨ ਦੀ ਘੜੀ ਲੰਘੇ ਬਹੁੜੀ ਬੇਰੁਖੀ ਏ।

## ਕੱਤਕ

ਕੱਤਕ ਕਰਮ ਮੇਰੇ ਸੜ ਗਏ ਉਸੇ ਪਲ,
ਜਿਸ ਵੇਲੇ ਕੰਤ ਪਰਦੇਸ ਦਰ ਮਲਿਆ।
ਹੱਥ ਜੋੜ ਪੱਲਾ ਪਾਕੇ ਰੋ ਰੋ ਫਾਵੀ ਹੋਈ,
ਪਰ ਮੇਰੇ ਪੀਆ ਦਾ ਨਾ ਜਰਾ ਜੀਅ ਹਲਿਆ।



Sri Satguru Jagjit Singh Ji Elibrary NamdhariElibrary@gmail.com

ਮੰਦਰ ਤੇ ਚੜ੍ਹਕੇ ਮੈਂ ਪੰਥ ਨੂੰ ਨਿਹਾਰਾਂ ਨਿਤ,
ਅਖੀਆਂ 'ਚ ਪਏ ਚਿਟੇ ਨੀਰ ਮੁਕ ਚਲਿਆ।
ਪ੍ਰੀਤਮ ਪਿਆਰੇ ਸ੍ਰੀ ਗੁਰੂ ਰਾਮ ਸਿੰਘ ਜੀਓ,
ਸੁਖ ਦਾ ਸੁਨੇਹਾ ਮੈਨੂੰ ਕੋਈ ਵੀ ਨ ਘੱਲਿਆ।

## ਮੱਘਰ

ਮੱਘਰ ਮਹੀਨੇ ਮੇਰਾ ਮਨ ਮੁਰਝਾਇ ਗਇਓ,
ਪ੍ਰੀਤਮ ਦਰਸ ਲਈ ਸਦਾ ਬਿਲਲਾਤ ਹੈ।
ਘਰ ਨਹੀਂ ਆਵੇ ਹਾਵੇ ਭਰਾਂ ਨਿਤ ਹੌਕਿਆਂ ਦੇ,
ਰੋਵਾਂ ਕੁਰਲਾਵਾਂ ਜਿਵੇਂ ਬਾਲ ਬਿਨ ਮਾਤ ਹੈ।
ਭੁਲਦਾ ਨਾ ਇਕ ਘੜੀ ਐਸਾ ਜਾਦੂ ਪਾਇਆ ਮਾਹੀ,
ਚੰਦਰਾ ਵਿਛੋੜਾ ਸੀਨਾ ਕਰੀ ਜਾਂਦਾ ਘਾਤ ਹੈ।
ਚੰਦ੍ਰਮਾਂ ਸਮਾਨ ਸ੍ਰੀ ਸਤਿਗੁਰੂ ਰਾਮ ਸਿੰਘ ਬਿਨ,
ਲੰਮੀ ਇਹ ਜੁਦਾਈ ਵਾਲੀ ਭਈ ਕਾਲੀ ਰਾਤ ਹੈ।

## ਪੋਹ

ਪੋਹ ਲਿਖੀ ਪਾਤੀ ਪੀਆ ਯਾਦ ਨੇ ਸਤਾਇਆ ਮੈਨੂੰ,
ਲਿਖਦਿਆਂ ਲਿਖਦਿਆਂ ਕਾਨੀ ਮੇਰੀ ਰੁਕ ਗਈ।
ਨੈਣਾਂ ਵਿਚੋਂ ਨੀਰ ਦੇ ਫੁਹਾਰੇ ਮੇਰੇ ਵਗੇ ਵੇਖ,
ਗੰਗਾ ਤੇ ਜਮਨਾ ਦੀ ਧਾਰ ਵਹਿਣੋਂ ਸੁਕ ਗਈ।



Sri Satguru Jagjit Singh Ji Elibrary NamdhariElibrary@gmail.com

ਬਿਰਹਾ ਅੰਗਾਰੇ ਐਸੇ ਭਖੇ ਮੇਰੇ ਸੀਨੇ ਵਿਚ,
ਜੀਹਦੇ ਨਾਲ ਬਰਫ ਹਿਮਾਲੈ ਦੀ ਮੁਕ ਗਈ।
ਜੀਵਨ ਸਹਾਰੇ ਗੁਰੂ ਰਾਮ ਸਿੰਘ ਜੀ ਦੇ ਬਾਝੋਂ,
ਜੀਵਨ ਦੀ ਜੋਤ ਮੇਰੀ ਨੈਣਾਂ ਵਿਚ ਲੁਕ ਗਈ।

## ਮਾਘ

ਮਾਘ ਦਾ ਮਹੀਨਾ ਸੀਨਾ ਭੁੱਜ ਕੇ ਕਬਾਬ ਹੋਇਆ,
ਲੋਕਾਂ ਲੱਗੇ ਸੀਤ ਮੇਰੇ ਸੀਨੇ ਅੰਗਿਆਰੀਆਂ।
ਪੀਆ ਦੇ ਵਿਛੋੜੇ ਨੇ ਹੈ ਕਰ ਦਿਤਾ ਘਾਇਲ ਮੈਨੂੰ,
ਐਸੀਆਂ ਪ੍ਰੇਮ ਦੀਆਂ ਲੱਗੀਆਂ ਕਟਾਰੀਆਂ।
ਪਤਾ ਨਹੀਂ ਕਿਹੜਾ ਇਹ ਗੁਨਾਹ ਕਰ ਬੈਠੀਆਂ ਨੇ,
ਦਿਨੇ ਰਾਤ ਰੋਂਦੀਆਂ ਨੇ ਅੱਖੀਆਂ ਵਿਚਾਰੀਆਂ।
ਸੋਹਣੇ ਦਿਲਦਾਰ ਸਤਿਗੁਰੂ ਰਾਮ ਸਿੰਘ ਬਾਝੋਂ,
ਝੂਠੀਆਂ ਨੇ ਜਗ ਦੀਆਂ ਸਾਰੀਆਂ ਹੀ ਯਾਰੀਆਂ।

## ਫੱਗਣ

ਫਾਗਨ ਕੀ ਫਾਗ ਸੰਗ ਫੂਲਨ ਬਗੀਚੀ ਫਲੀ,
ਲਾਗਤ ਨਾ ਭਲੀ ਮੋਹਿ ਪੀਆ ਪਰਦੇਸ ਹੈ।
ਆਏ ਨਾ ਆਰਾਮ ਹੈ ਅਵਧ ਸੁਨੀ ਰਾਮ ਬਿਨ,
ਹਰ ਘੜੀ ਜਾਮ ਮੇਰੋ ਰਾਮ ਕੋ ਆਦੇਸ਼ ਹੈ।



Sri Satguru Jagjit Singh Ji Elibrary NamdhariElibrary@gmail.com

ਇਤਨਾਂ ਸੰਦੇਸ਼ ਊਧੋ ਜਾਇ ਕਹੋ ਸ਼ਾਮ ਜੂ ਸੌਂ,
ਕੂਕਿਓਂ ਕਾ ਆਪ ਬਿਨ ਜੋਗੀਓ ਸਾ ਵੇਸ ਹੈ।
ਦਰਸ਼ਨ ਕੀ ਆਸ ਸੇ ਨਾ ਕੀਜੀਓ ਨਿਰਾਸ ਮੋਕੋ,
ਪ੍ਰਾਨ ਨਾਥ ਤੇਰੇ ਬਿਨ ਸੂਨੋ ਭਯੋ ਦੇਸ ਹੈ।



Sri Satguru Jagjit Singh Ji Elibrary NamdhariElibrary@gmail.com

# ਬਾਰਾਂਮਾਹ

ਚਤਰ ਸਿੰਘ "ਬੀਰ"

## ਚੇਤਰ

ਚੇਤਰ ਚਿੱਤ ਉਦਾਸ ਹੈ,
ਗਏ ਸਤਿਗੁਰੂ ਦੂਰ।
ਬਿਰਹਾ ਦੀ ਅੱਗ ਭੜਕਦੀ,
ਮਨਵਾ ਭਇਆ ਮਨੂਰ।

## ਵੈਸਾਖ

ਵੈਸਾਖ ਵਕਤ ਨਹੀਂ ਬੀਤਦਾ,
ਰਹਿੰਦੀ ਸਦਾ ਉਡੀਕ।
ਵਾਪਸ ਮੁੜਕੇ ਆਉਣ ਦੀ,
ਦੱਸੀ ਨਹੀਂ ਤਰੀਕ।

## ਜੇਠ

ਜੇਠ ਜਗਤ ਫਿਰ ਵੇਖਿਆ,
ਪਰਬਤ, ਜੰਗਲ ਜੂਹ।



Sri Satguru Jagjit Singh Ji Elibrary NamdhariElibrary@gmail.com

ਪਰ ਮੁਰਸ਼ਦ ਦੀ ਦੋਸਤੋ,
ਮਿਲੀ ਨਾ ਕਿਧਰੋਂ ਸੂਹ।

### ਹਾੜ

ਹਾੜ ਹਉਕਿਆਂ ਨਾਲ ਤਨ,
ਤਪਦਾ ਵਾਂਗ ਤੰਦੂਰ।
ਪੇਸ਼ ਨਾ ਕੋਈ ਜਾਂਵਦੀ,
ਹੋ ਗਏ ਹਾਂ ਮਜਬੂਰ।

### ਸਾਵਣ

ਸਾਵਣ ਸਾਹ ਠੰਡੇ ਭਰਾਂ,
ਵਿਚੋਂ ਆਵੇ ਸੇਕ।
ਤਾਂਘ ਹੈ ਦਿਲ ਵਿਚ ਓਸਦੀ,
ਓਸੇ ਦੀ ਹੈ ਟੇਕ।

### ਭਾਦਰੋਂ

ਭਾਦਰੋਂ ਭਾਰ ਸਰੀਰ ਦਾ,
ਨਿਤ ਨਿਤ ਘਟਦਾ ਜਾਏ।



Sri Satguru Jagjit Singh Ji Elibrary NamdhariElibrary@gmail.com

ਸਦਾ ਹਿਜਰ ਸਤਿਗੁਰਾਂ ਦਾ,
ਸਾਨੂੰ ਵਢ ਵਢ ਖਾਏ।

## ਅੱਸੂ

ਅੱਸੂ ਆਸ ਹਮੇਸ਼ ਹੈ,
ਸਾਡੇ ਦਿਲ ਵਿਚਕਾਰ।
ਸੱਦਣ ਤੈਨੂੰ ਸਦਾ ਹੀ,
ਕੂਕੇ ਕੂਕਾਂ ਮਾਰ।

## ਕੱਤਕ

ਕੱਤਕ ਕੰਮ ਸਭ ਵਿਸਰੇ,
ਰਹੀ ਜ਼ਰਾ ਨਾ ਹੋਸ਼।
ਕਿਸਮਤ ਖੋਟੀ ਆਪਣੀ,
ਕਿਸ ਨੂੰ ਦੇਈਏ ਦੋਸ਼ ?

## ਮੱਘਰ

ਮੱਘਰ ਮੋਹ ਸਤਿਗੁਰਾਂ ਦਾ,
ਰੱਖਿਆ ਸੀਨੇ ਪਾਲ।



Sri Satguru Jagjit Singh Ji Elibrary NamdhariElibrary@gmail.com

ਬੀਤੇ ਸਾਡੀ ਜ਼ਿੰਦਗੀ,
ਦਰਵੇਸ਼ਾਂ ਦੇ ਹਾਲ।

## ਪੋਹ

ਪੋਹ ਪੋਹਦੇ ਨਹੀਂ ਜਿਸਮ ਨੂੰ,
ਪਾਲਾ, ਠੰਡ ਤੇ ਸੀਤ।
ਮਘਦੀ ਵਿਚ ਸਰੀਰ ਦੇ,
ਸਤਿਗੁਰ ਸੰਦੀ ਪ੍ਰੀਤ।

## ਮਾਘ

ਮਾਘ ਮਹੀਨਾ ਆ ਗਿਆ,
ਮੰਜ਼ਲ ਦਿਸਦੀ ਦੂਰ।
ਮਸਤਾਂ ਦੇ ਦਿਲ ਓਸਦਾ,
ਰਹਿੰਦਾ ਸਦਾ ਸਰੂਰ।

## ਫੱਗਣ

ਫੱਗਣ ਫੁੱਲ ਬਾਗੀਂ ਖਿੜੇ,
ਸਾਡੇ ਦਿਲ ਨਾ ਚੈਨ।



Sri Satguru Jagjit Singh Ji Elibrary NamdhariElibrary@gmail.com

ਸਾਨੂੰ ਕਰਨ ਮਖੌਲ ਸਭ,
ਸਾਡੇ ਸਾਕ ਤੇ ਸੈਨ।

ਨੱਚ ਪਏ ਦਿਲ ਮੋਰ ਬਣ,
ਖੁਸ਼ੀਆਂ ਕਰੇ ਕਰੋੜ।
ਚੀਨੀ ਵਾਲਾ ਆ ਜਾਏ,
ਜੋ ਕਰ ਵਾਗਾਂ ਮੋੜ।

ਇਕ ਇਕ ਕਰਕੇ ਬੀਤ ਗਏ,
ਯਾਰੋ ਬਾਰਾਂ ਮਾਸ।
ਸੁਣੀ ਨਾ ਸਾਡੇ ਸਤਿਗੁਰਾਂ,
ਸਾਡੀ ਕੋਈ ਅਰਦਾਸ।



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com